@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 21 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 21 ਜੁਲਾਈ 2024, 6 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 255, qpatrika@gmail.com ਫੋਨ : 9971359517 www.qaumipatrika.org

22 ਜੁਲਾਈ ਨੂੰ ਵਿਦੇਸ਼ ਤੋਂ ਪਰਤਨਗੇ ਸੁਖਬੀਰ ਸਿੰਘ ਬਾਦਲ

ਲੁਧਿਆਣਾ 20 ਜੁਲਾਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਦਲ ਅੱਜ ਕੱਲ ਵਿਦੇਸ਼ 'ਚ ਆਪਣੇ ਪਰਿਵਾਰ ਨਾਲ ਗਏ ਹੋਏ ਹਨ। ਉਨ੍ਹਾਂ ਦੇ 22 ਜੁਲਾਈ ਨੂੰ ਵਿਦੇਸ਼ੋਂ ਪਰਤਣ ਦੀ ਸੰਭਾਵਨਾ ਹੈ। ਇਸ ਸਬੰਧੀ ਅੱਜ ਜਦੋਂ ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਇਸ ਦੀ ਪੁਸ਼ਟੀ ਕਰਦਿਆ ਕਿਹਾ ਕਿ ਪ੍ਰਧਾਨ ਜੀ ਆਉਂਦੇ ਦੋ ਦਿਨਾਂ ਨੂੰ ਵਤਨ ਪਰਤ ਆਉਣਗੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਸ੍ਰੀ

ਅਕਾਲ ਤਖਤ ਤੋਂ ਜਥੇਦਾਰਾਂ ਨੇ ਸੁਖਬੀਰ ਬਾਦਲ ਨੂੰ ਤਲਬ ਕੀਤਾ ਹੈ ਤਾਂ ਉਨ੍ਹਾਂ ਕਿਹਾ ਕਿ ਸਾਡੇ ਲਈ ਤੇ ਸਾਡੇ ਪ੍ਰਧਾਨ ਲਈ ਸ੍ਰੀ ਅਕਾਲ ਤਖਤ ਦਾ ਹੁਕਮ ਇਲਾਹੀ ਹੁਕਮ ਹੈ। ਸਾਡੇ ਪ੍ਰਧਾਨ ਜੀ ਵਿਦੇਸ਼ੋਂ ਪਰਤਦੇ ਹੀ ਸ੍ਰੀ ਅਕਾਲ ਤਖ਼ਤ 'ਤੇ ਜਾ ਕੇ ਖਿਮਾ ਜਾਚਨਾ ਕਰਨ ਲਈ ਤਿਆਰੀ ਕਰਨਗੇ। ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਬਾਗੀ ਅਕਾਲੀਆਂ ਵੱਲੋਂ ਦਿੱਤੀ ਜੱਥੇਦਾਰ ਸਾਹਿਬਾਨ ਨੂੰ ਮੁਆਫੀਨਾਮੇ ਦੀ ਸ਼ਿਕਾਇਤ 'ਤੇ ਜਥੇਦਾਰਾਂ ਸਾਹਿਬਾਨਾਂ ਨੇ ਸੁਖਬੀਰ ਸਿੰਘ ਬਾਦਲ ਨੂੰ 31 ਜੁਲਾਈ ਤੋਂ ਪਹਿਲਾ ਪਹਿਲਾ ਪੇਸ਼ ਹੋਣ ਲਈ ਕਿਹਾ ਹੈ।

1984 ਸਿੱਖ ਕਤਲੇਆਮ : ਕੋਰਟ ਨੇ ਟਾਈਲਟਰ ਖਿਲਾਫ ਦੋਸ਼ ਤੈਅ ਕਰਨ ਦਾ ਫੈਸਲਾ ਰੱਖਿਆ ਸੁਰੱਖਿਅਤ

ਨਵੀਂ ਦਿੱਲੀ 20 ਜੁਲਾਈ। ਦਿੱਲੀ ਦੀ ਇਕ ਅਦਾਲਤ ਨੇ ਸ਼ੁੱਕਰਵਾਰ ਨੂੰ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ 'ਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ?ਿਲਾਫ ਦੋਸ਼ ਤੈਅ ਕਰਨ ਬਾਰੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ। ਦੰਗਿਆਂ ਦੇ ਇਸ ਮਾਮਲੇ 'ਚ ਤਿੰਨ ਲੋਕ ਮਾਰੇ ਗਏ ਸਨ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਮਾਮਲਿਆਂ ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਕੇਂਦਰੀ ਜਾਂਚ ਏਜੰਸੀ ਅਤੇ ਬਚਾਅ ਪੱਖ ਦੇ ਵਕੀਲਾਂ ਦੀਆਂ

ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ। ਅਦਾਲਤ ਦੇ 2 ਅਗਸਤ ਨੂੰ ਫੈਸਲਾ ਸੁਣਾਉਣ ਦੀ ਸੰਭਾਵਨਾ ਹੈ। ਸੀ.ਬੀ.ਆਈ. ਨੇ ਇਕ ਗਵਾਹ ਦੇ ਹਵਾਲੇ ਤੋਂ ਦੋਸ਼ ਪੱਤਰ 'ਚ ਦੋਸ਼ ਲਗਾਇਆ ਸੀ ਕਿ ਟਾਈਟਲਰ ਇਕ ਨਵੰਬਰ 1984 ਨੂੰ ਗੁਰਦੁਆਰਾ ਪੁਲ ਬੰਗਸ਼ ਦੇ ਸਾਹਮਣੇ ਇਕ ਸਫੈਦ ਅੰਬੈਸਡਰ ਕਾਰ ਤੋਂ ਬਾਹਰ ਨਿਕਲੇ ਅਤੇ ਭੀੜ ਨੂੰ ਸਿੱਖਾਂ ਦਾ ਕਤਲ ਕਰਨ ਲਈ ਉਕਸਾਇਆ। ਸਾਬਕਾ ਕੇਂਦਰੀ ਮੰਤਰੀ ਟਾਈਟਲਰ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਭੀੜ ਨੂੰ ਕਿਹਾ ਸੀ,"ਸਿੱਖਾਂ ਨੂੰ ਮਾਰ ਦਿਓ, ਉਨ੍ਹਾਂ ਨੇ ਸਾਡੀ ਮਾਂ ਨੂੰ ਮਾਰਿਆ ਹੈ।" ਇਸ ਘਟਨਾ ਤੋਂ ਬਾਅਦ ਤਿੰਨ ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ 31 ਅਕਤੂਬਰ 1984 ਨੂੰ ਉਨ੍ਹਾਂ ਦੇ ਸਿੱਖ ਸੁਰੱਖਿਆ ਕਰਮੀਆਂ ਵਲੋਂ ਕਤਲ ਕੀਤੇ ਜਾਣ ਤੋਂ ਬਾਅਦ ਦੇਸ਼ ਦੇ ਕਈ ਹਿੱਸਿਆਂ 'ਚ ਸਿੱਖ ਵਿਰੋਧੀ ਦੰਗੇ ਭੜਕ ਗਏ ਸਨ।

ਜੰਮੂ ਕਸ਼ਮੀਰ 'ਚ ਵਧਾ ਦਿੱਤੀ ਫੌਜ

ਜੰਮੂ 20 ਜੁਲਾਈ। ਜੰਮੂ ਕਸ਼ਮੀਰ 'ਚ ਵਧ ਰਹੀਆਂ ਅੱਤਵਾਦੀਆਂ ਘਟਨਾਵਾਂ ਦਰਮਿਆਨ ਕੇਂਦਰ ਸਰਕਾਰ ਨੇ ਵੱਡਾ ਐਕਸ਼ਨ ਲਿਆ ਹੈ। ਸਰਕਾਰ ਵਲੋਂ ਜੰਮੂ 'ਚ ਫੌਜ ਦੇ 3000 ਵਾਧੂ ਜਵਾਨ ਤਾਇਨਾਤ ਕੀਤੇ ਗਏ ਹਨ। ਇਸ ਦੇ ਨਾਲ ਹੀ ਸਪੈਸ਼ਲ ਫੋਰਸ ਦੇ 500 ਕਮਾਂਡੋ ਵੀ ਤਾਇਨਾਤ ਹਨ। ਜੰਮੂ ਖੇਤਰ 'ਚ ਫੌਜ ਦੀਆਂ 3 ਬਟਾਲੀਅਨ ਤਾਇਨਾਤ ਕੀਤੀਆਂ ਗਈਆਂ ਹਨ। ਇਹ ਦਾਅਵਾ ਇਕ ਨਿਊਜ ਚੈਨਲ ਵਲੋਂ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ 15 ਜੁਲਾਈ ਨੂੰ ਜੰਮੂ ਕਸ਼ਮੀਰ ਦੇ ਡੋਡਾ ਜ?ਿਲ੍ਹੇ 'ਚ ਅੱਤਵਾਦੀਆਂ ਨਾਲ ਮੁਕਾਬਲੇ 'ਚ ਫੌਜ ਦੇ ਇਕ ਅਧਿਕਾਰੀ ਅਤੇ ਚਾਰ ਜਵਾਨ ਸ਼ਹੀਦ ਹੋ ਗਏ। 9 ਜੂਨ ਨੂੰ ਕੇਂਦਰ 'ਚ ਨਵੀਂ ਸਰਕਾਰ ਦੇ ਸਹੁੰ ਚੁੱਕਣ ਦੇ ਬਾਅਦ ਤੋਂ ਜੰਮੂ ਕਸ਼ਮੀਰ 'ਚ ਚਾਰ ਅੱਤਵਾਦੀ ਹਮਲੇ ਹੋ ਚੁੱਕੇ ਹਨ ਅਤੇ ਸਾਰਿਆਂ 'ਚ ਸੁਰੱਖਿਆ ਫੋਰਸਾਂ ਨੂੰ ਭਾਰੀ ਨੁਕਸਾਨ ਚੁੱਕਣਾ ਪਿਆ ਹੈ।

ਔਰਤਾਂ ਨੂੰ ਇਕ ਹਜਾਰ ਰੁਪਏ ਮਹੀਨਾ ਦੇਣ ਦਾ 'ਆਪ' ਵਲੋਂ ਐਲਾਨ

ਸਿੰਮੀ ਕੌਰ ਬੱਬਰ

ਪੰਚਕੂਲਾ 20 ਜੁਲਾਈ। ਆਮ ਆਦਮੀ ਪਾਰਟੀ (ਆਪ) ਨੇ ਅੱਜ ਯਾਨੀ ਸ਼ਨੀਵਾਰ ਨੂੰ ਵਿਧਾਨ ਸਭਾ ਚੋਣਾਂ ਲਈ 5 ਗਾਰੰਟੀਆਂ ਜਾਰੀ ਕੀਤੀਆਂ ਹਨ। ਇਸ ਲਈ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਸ਼ਨੀਵਾਰ ਨੂੰ ਪੰਚਕੂਲਾ ਪਹੁੰਚੀ। ਪਾਰਟੀ ਹਰਿਆਣਾ ਵਿਧਾਨ ਸਭਾ ਦੀਆਂ 90 ਸੀਟਾਂ 'ਤੇ ਚੋਣਾਂ ਲੜਨ ਲਈ ਤਿਆਰੀਆਂ 'ਚ ਲੱਗੀ ਹੈ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਅਤੇ ਡਾ. ਸੰਦੀਪ ਪਾਠਕ ਵੀ ਮੌਜੂਦ ਰਹੇ। ਪੰਜਾਬ ਵਿਧਾਨ ਸਭਾ ਚੋਣਾਂ ਦੀ ਤਰਜ 'ਤੇ ਪਾਰਟੀ ਨੇ ਹਰਿਆਣਾ 'ਚ ਗਾਰੰਟੀ ਲਾਂਚ ਕੀਤੀ। ਪਹਿਲੀ ਗਾਰੰਟੀ ਦਾ ਐਲਾਨ ਪਾਰਟੀ ਨੇ ਮੁਫਤ ਅਤੇ 24 ਘੰਟੇ ਬਿਜਲੀ ਵਜੋਂ ਕੀਤਾ। ਦੂਜੀ ਗਾਰੰਟੀ ਸਾਰਿਆਂ ਨੂੰ ਚੰਗਾ ਅਤੇ ਮੁਫਤ ਇਲਾਜ, ਤੀਜੀ ਗਾਰੰਟੀ ਚੰਗੀ, ਬਿਹਤਰੀਨ ਅਤੇ ਮੁਫਤ ਸਿੱਖਿਆ, ਚੌਥੀ ਗਾਰੰਟੀ ਸਾਰੀਆਂ ਮਾਵਾਂ-ਭੈਣਾਂ

ਨੂੰ ਹਰ ਮਹੀਨੇ 1000 ਹਜਾਰ ਰੁਪਏ ਅਤੇ 5ਵੀਂ ਗਾਰੰਟੀ ਹਰ ਨੌਜਵਾਨ ਨੂੰ ਰੁਜਗਾਰ ਵਜੋਂ ਦਿੱਤੀ। ਇਸ ਦੌਰਾਨ ਸੁਨੀਤਾ ਕੇਜਰੀਵਾਲ ਨੇ ਕਿਹਾ ਕਿ ਕੇਜਰੀਵਾਲ ਨੇ ਦਿੱਲੀ ਅਤੇ ਪੰਜਾਬ ਦੋਹਾਂ ਸੂਬਿਆਂ 'ਚ ਸਰਕਾਰੀ ਸਕੂਲਾਂ ਨੂੰ ਚੰਗਾ ਕਰ ਦਿੱਤਾ ਹੈ। ਗਰੀਬਾਂ ਦੇ ਬੱਚਿਆਂ ਦੇ ਭਵਿੱਖ ਉੱਜਵਲ ਕਰ ਦਿੱਤੇ ਹਨ। ਬਿਜਲੀ ਮੁਫਤ ਅਤੇ ਸਿਹਤ ਸਹੂਲਤਾਂ ਨੂੰ ਠੀਕ ਕਰ ਦਿੱਤਾ। ਔਰਤਾਂ ਲਈ ਮੁਫਤ ਬੱਸ ਦਾ ਸਫਰ, ਬਜੁਰਗਾਂ ਲਈ ਤੀਰਥ ਯਾਤਰਾ ਵੀ ਮੁਫਤ ਹੈ। ਕੀ ਕੋਈ ਅਜਿਹੀ ਪਾਰਟੀ ਹੈ, ਜਿਸ ਨੇ ਸਰਕਾਰੀ ਸਕੂਲਾਂ ਨੂੰ ਠੀਕ ਕੀਤਾ ਹੋਵੇ? ਕੀ ਕੋਈ ਅਜਿਹੀ ਪਾਰਟੀ ਨੇ ਜਿਸ ਨੇ ਬਿਜਲੀ ਮੁਫਤ ਕੀਤੀ ਹੋਵੇ? ਅਜਿਹਾ ਕੰਮ ਸਿਰਫ ਹਰਿਆਣਾ ਦਾ ਲਾਲ ਕੇਜਰੀਵਾਲ ਹੀ ਕਰ ਸਕਦੇ ਹਨ। ਇਸ ਲਈ ਮੋਦੀ ਜੀ ਕੇਜਰੀਵਾਲ ਤੋਂ ਸੜਦੇ ਹਨ। ਫਰਜੀ ਕੇਸ ਬਣਾ ਕੇ ਕੇਜਰੀਵਾਲ ਨੂੰ ਮੋਦੀ ਨੇ ਜੇਲ੍ਹ 'ਚ ਸੁੱਟ ਦਿੱਤਾ। ਮੋਦੀ ਕਹਿੰਦੇ ਹਨ ਕੇਜਰੀਵਾਲ ਚੋਰ ਹੈ, ਮੈਂ ਕਹਿੰਦੀ ਹਾਂ ਕਿ ਜੇਕਰ ਕੇਜਰੀਵਾਲ ਚੋਰ ਹੈ ਤਾਂ ਦੁਨੀਆ 'ਚ ਕੋਈ ਇਮਾਨਦਾਰ ਨਹੀਂ ਹੈ। ਮੋਦੀ ਨੇ ਹਰਿਆਣਾ ਦੇ ਲਾਲ ਨੂੰ ਜੇਲ੍ਹ 'ਚ ਸੁੱਟ ਕੇ ਹਰਿਆਣਾ ਨੂੰ ਲਲਕਾਰਿਆ ਹੈ, ਵਿਧਾਨ ਸਭਾ ਚੋਣਾਂ 'ਚ ਕਰਾਰਾ ਜਵਾਬ ਦਿਓ।

ਮਹਿਬੂਬਾ ਨੇ ਜੈਸ਼ੰਕਰ ਤੋਂ ਬੰਗਲਾਦੇਸ਼ 'ਚ ਕਸ਼ਮੀਰੀ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਦੀ ਕੀਤੀ ਅਪੀਲ

ਸ਼੍ਰੀਨਗਰ 20 ਜੁਲਾਈ। ਪੀਪਲਜ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਮੁਖੀ ਅਤੇ ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਬੰਗਲਾਦੇਸ਼ 'ਚ ਹਿੰਸਕ ਵਿਰੋਧ ਪ੍ਰਦਰਸ਼ਨਾਂ ਦਰਮਿਆਨ ਕਸ਼ਮੀਰੀ ਵਿਦਿਆਰਥੀਆਂ ਦੀ ਵਾਪਸੀ ਯਕੀਨੀ ਕਰਨ ਲਈ ਸ਼ੁੱਕਰਵਾਰ ਨੂੰ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਤੋਂ ਤੁਰੰਤ ਦਖਲ ਦੇਣ ਦੀ ਅਪੀਲ ਕੀਤੀ। ਮਹਿਬੂਬਾ ਮੁਫਤੀ ਨੇ 'ਐਕਸ' 'ਤੇ ਲਿਖਿਆ,"ਭਾਰਤ ਸਰਕਾਰ ਨੂੰ ਵਿਦਿਆਰਥੀਆਂ ਨੂੰ ਘਰ ਵਾਪਸ ਲਿਆਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਬੰਗਲਾਦੇਸ਼ 'ਚ ਵਿਰੋਧ ਪ੍ਰਦਰਸ਼ ਅਤੇ ਅਸ਼ਾਂਤੀ ਫੈਲ ਰਹੀ ਹੈ। ਮੈਂ ਡਾ. ਜੈਸ਼ੰਕਰ ਪ੍ਰਸਾਤ ਤੋਂ ਤੁਰੰਤ ਦਖਲ ਦੇਣ ਅਤੇ ਬੰਗਲਾਦੇਸ਼ 'ਚ

ਹਜਾਰਾਂ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਕਰਨ ਅਤੇ ਉਨ੍ਹਾਂ ਨੂੰ ਉੱਥੋਂ ਲਿਆਉਣ ਦੀ ਅਪੀਲ ਕਰਦੀ ਹਾਂ। ਇੰਟਰਨੈੱਟ ਸੇਵਾਵਾਂ ਨੂੰ ਮੁਅੱਤਲ ਕੀਤੇ ਜਾਣ ਨਾਲ ਉਨ੍ਹਾਂ ਦੇ ਮਾਤਾ-ਪਿਤਾ ਦੀ ਪਰੇਸ਼ਾਨੀ ਹੋਰ ਵੱਧ ਗਈ ਹੈ। ਉਨ੍ਹਾਂ ਨੂੰ ਘਰ ਵਾਪਸ ਲਿਆਉਣ ਲਈ ਤੁਰੰਤ ਕਦਮ ਚੁੱਕੇ ਜਾਣੇ ਚਾਹੀਦੇ ਹਨ।" ਜੇ.ਕੇ.ਐੱਸ.ਏ. ਨੇ ਵਿਦੇਸ਼ ਮੰਤਰੀ ਨੇ ਲਿਖੀ ਆਪਣੀ ਚਿੱਠੀ 'ਚ ਕਿਹਾ,"ਸਾਡੇ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਹੁਣ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸੈਂਕੜੇ ਕਸ਼ਮੀਰੀ ਵਿਦਿਆਰਥੀਆਂ ਨੇ ਸਾਡੇ ਨਾਲ ਸੰਪਰਕ ਕੀਤਾ ਹੈ ਅਤੇ ਆਪਣੀ ਨਿੱਜੀ ਸੁਰੱਖਿਆ ਬਾਰੇ ਗੰਭੀਰ ਚਿੰਤਾ ਜਾਹਰ ਕਰਦੇ ਹੋਏ ਆਪਣੇ ਹੋਸਟਲਾਂ ਤੋਂ ਤੁਰੰਤ ਸੁਰੱਖਿਅਤ ਵਾਤਾਵਰਣ 'ਚ ਭੇਜਣ ਦੀ ਮੰਗ ਕੀਤੀ ਹੈ। ਵਧਦੀ ਹਿੰਸਾ ਉਨ੍ਹਾਂ ਦੇ ਜੀਵਨ ਅਤੇ ਸਿੱਖਿਅਕ ਗਤੀਵਿਧੀਆਂ ਲਈ ਇਕ ਵੱਡਾ ਖਤਰਾ ਹੈ।" ਜੇ.ਕੇ.ਐੱਸ.ਏ. ਅਨੁਸਾਰ ਬੰਗਲਾਦੇਸ਼ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ 'ਚ 3,500 ਤੋਂ ਵੱਧ ਕਸ਼ਮੀਰੀ ਵਿਦਿਆਰਥੀ ਪੜ੍ਹ ਰਹੇ ਹਨ। ਦੱਸਣਯੋਗ ਹੈ ਕਿ ਬੰਗਲਾਦੇਸ਼ 'ਚ ਪਿਛਲੇ ਕਈ ਹਫਤਿਆਂ ਤੋਂ ਵਿਦਿਆਰਥੀ ਸਰਕਾਰੀ ਨੌਕਰੀਆਂ 'ਚ ਕੋਟਾ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਅਤੇ ਹਾਲ ਦੇ ਦਿਨਾਂ 'ਚ ਪ੍ਰਦਰਸ਼ਨ ਦੌਰਾਨ ਹਿੰਸਾ ਦੀਆਂ ਘਟਨਾਵਾਂ 'ਚ 39 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਹੈ।

ਕਿਸਾਨ ਕੁਦਰਤੀ ਖੇਤੀ ਕਰਨ, ਸਰਕਾਰ ਸਬਸਿਡੀ ਵੀ ਦੇਵੇਗੀ: ਸ਼ਿਵਰਾਜ ਸਿੰਘ

ਨਵਦੀਪ ਸਿੰਘ ਸਾਹਨੀ

ਲਖਨਊ 20 ਜੁਲਾਈ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਕਲਿਆਣ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਖੇਤ ਦੇ ਇਕ ਹਿੱਸੇ 'ਤੇ ਕੁਦਰਤੀ ਖੇਤੀ ਕਰਨ ਅਤੇ ਸ਼ੁਰੂਆਤੀ ਦੋ ਸਾਲਾਂ ਲਈ ਸਰਕਾਰ ਉਨ੍ਹਾਂ ਨੂੰ ਸਬਸਿਡੀ ਦੇਵੇਗੀ। ਚੌਹਾਨ ਨੇ ਰਾਜਧਾਨੀ ਲਖਨਊ ਵਿਚ 'ਕੁਦਰਤੀ ਖੇਤੀ ਦੇ ਵਿਗਿਆਨ 'ਤੇ ਖੇਤਰੀ ਸਲਾਹ-ਮਸਵਰਾ ਪ੍ਰੋਗਰਾਮ' ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 'ਧਰਤੀ ਮਾਂ ਨੂੰ ਰਸਾਇਣਾਂ ਤੋਂ ਬਚਾਉਣ' ਦੇ ਪ੍ਰਧਾਨ

ਮੰਤਰੀ ਦੇ ਸੁਪਨੇ ਨੂੰ ਪੂਰਾ ਕਰਦੇ ਹੋਏ ਅਸੀਂ ਆਉਣ ਵਾਲੇ ਸਮੇਂ ਵਿਚ ਕਿਸਾਨਾਂ ਨੂੰ ਰਸਾਇਣ ਮੁਕਤ ਖੇਤੀ ਵੱਲ ਲੈ ਕੇ ਜਾਣ ਦੀ ਪੂਰੀ ਕੋਸ਼?ਿਸ ਕਰਾਂਗੇ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਤੰਦਰੁਸਤ ਰਹਿਣ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਦੇ ਇਕ ਹਿਸੇ ਵਿਚ ਕੁਦਰਤੀ ਖੇਤੀ ਕਰਨੀ ਚਾਹੀਦੀ ਹੈ। ਪਹਿਲੇ ਦੋ ਸਾਲਾਂ 'ਚ ਜਦੋਂ ਉਹ ਕੁਦਰਤੀ ਖੇਤੀ ਕਰਨਗੇ ਤਾਂ ਪੈਦਾਵਾਰ ਘੱਟ ਹੋਵੇਗੀ, ਇਸ ਲਈ ਸਰਕਾਰ ਉਨ੍ਹਾਂ ਨੂੰ ਸਬਸਿਡੀ ਦੇਵੇਗੀ। ਚੌਹਾਨ ਨੇ ਕਿਹਾ ਕਿ ਕਿਸਾਨਾਂ ਨੂੰ ਕੁਦਰਤੀ ਖੇਤੀ ਰਾਹੀਂ ਉਗਾਏ ਅਨਾਜ, ਫਲ ਅਤੇ ਸਬਜੀਆਂ ਵੇਚ ਕੇ ਡੇਢ ਗੁਣਾ ਵੱਧ ਭਾਅ ਮਿਲੇਗਾ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਦੇ ਖੇਤਰ 'ਚ ਪੜ੍ਹਾਈ ਲਈ ਦੇਸ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਵਿਚ ਪ੍ਰਯੋਗਸਾਲਾਵਾਂ ਸਥਾਪਿਤ ਕੀਤੀਆਂ ਜਾਣਗੀਆਂ। ਆਪਣੇ ਸੰਬੋਧਨ ਵਿਚ ਕਿਹਾ ਕਿ ਕੁਦਰਤੀ ਖੇਤੀ ਅਤੇ ਜੈਵਿਕ ਖੇਤੀ ਦੋ ਵੱਖ-ਵੱਖ ਚੀਜਾਂ ਹਨ ਅਤੇ ਇਸ ਅੰਤਰ ਨੂੰ ਸਮਝਣਾ ਜਰੂਰੀ ਹੈ। ਕੁਦਰਤੀ ਖੇਤੀ ਦੇ ਫਾਇਦਿਆਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਲਈ ਘੱਟ ਪਾਣੀ ਦੀ ਲੋੜ ਹੁੰਦੀ ਹੈ ਅਤੇ ਇਹ ਕਿਸਾਨਾਂ ਲਈ ਬਹੁਤ ਲਾਹੇਵੰਦ ਹੈ। ਇਹ ਚੰਗੀ ਗੱਲ ਹੈ ਕਿ ਹੁਣ ਸਰਕਾਰ ਨੇ ਕੁਦਰਤੀ ਖੇਤੀ ਦੀ ਮਹੱਤਤਾ ਨੂੰ ਸਮਝ ਲਿਆ ਹੈ। ਇਸ ਮੌਕੇ 'ਤੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਰਾਜ ਦੇ ਖੇਤੀਬਾੜੀ ਮੰਤਰੀ ਸੂਰਿਆ ਪ੍ਰਤਾਪ ਸਾਹੀ, ਖੇਤੀਬਾੜੀ ਰਾਜ ਮੰਤਰੀ ਬਲਦੇਵ ਸਿੰਘ ਔਲਖ ਅਤੇ ਮੁੱਖ ਸਕੱਤਰ ਮਨੋਜ ਕੁਮਾਰ ਸਿੰਘ ਆਦਿ ਹਾਜਰ ਸਨ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਦੇਸ ਦੇ ਇਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਬਾਰੇ ਜਾਗਰੂਕ ਕੀਤਾ ਜਾਵੇਗਾ ਤਾਂ ਜੋ ਉਹ ਦੇਸ ਦੇ ਹਰ ਕੋਨੇ ਵਿਚ ਜਾ ਕੇ ਇਸ ਦਾ ਪ੍ਰਚਾਰ ਕਰ ਸਕਣ। ਓਧਰ ਗੁਜਰਾਤ ਦੇ ਰਾਜਪਾਲ ਆਚਾਰੀਆ ਦੇਵਵਰਤ ਨੇ

ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਮਾਮਲੇ 'ਚ 2 ਦੋਸ਼ੀਆਂ ਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਕੀਤਾ ਇਨਕਾਰ

ਨਵੀਂ ਦਿੱਲੀ 20 ਜੁਲਾਈ। ਸੁਪਰੀਮ ਕੋਰਟ ਨੇ ਬਿਲਕਿਸ ਬਾਨੋ ਮਾਮਲੇ 'ਚ 11 'ਚੋਂ 2 ਦੋਸ਼ੀਆਂ ਵਲੋਂ ਸਜਾ 'ਚ ਦਿੱਤੀ ਗਈ ਛੋਟ ਨੂੰ ਰੱਦ ਕਰਨ ਦੇ ਸੁਪਰੀਮ ਕੋਰਟ ਦੇ 8 ਜਨਵਰੀ ਦੇ ਫੈਸਲੇ ਖ?ਿਲਾਫ ਦਾਇਰ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਸ਼ੁੱਕਰਵਾਰ ਨੂੰ ਇਨਕਾਰ ਕਰ ਦਿੱਤਾ। ਜੱਜ ਸੰਜੀਵ ਖੰਨਾ ਅਤੇ ਜੱਜ ਸੰਜੇ ਕੁਮਾਰ ਦੀ ਬੈਂਚ ਨੇ ਪਟੀਸ਼ਨ ਨੂੰ ਪੂਰੀ ਤਰ੍ਹਾਂ ਨਾਲ ਗਲਤ ਕਰਾਰ ਦਿੱਤਾ ਅਤੇ ਕਿਹਾ ਕਿ ਉਹ ਸੁਪਰੀਮ ਕੋਰਟ ਦੀ ਇਕ ਹੋਰ ਬੈਂਚ ਵਲੋਂ ਪਾਸ ਆਦੇਸ਼

ਰਾਤ ਹੁੰਦੇ ਹੀ ਬੱਸ ਸਟੈਂਡ ਨੇੜੇ ਸ਼ੁਰੂ ਹੋ ਜਾਂਦਾ ਹੈ ਜਿਸਮਫਰੋਸ਼ੀ ਦਾ ਧੰਦਾ

ਲੁਧਿਆਣਾ 20 ਜੁਲਾਈ। ਮਹਾਨਗਰ 'ਚ ਜਿਸਮਫਰੋਸ਼ੀ ਦਾ ਧੰਦਾ ਹੇਠਲੇ ਪੱਧਰ ਤੋਂ ਲੈ ਕੇ ਉੱਪਰਲੇ ਪੱਧਰ ਤੱਕ ਜ਼ਬਰਦਸਤ ਫੈਲ ਚੁੱਕਾ ਹੈ। ਗੱਲ ਕਰੀਏ ਬੱਸ ਅੱਡੇ ਕੋਲ ਹੋਣ ਵਾਲੇ ਜਿਸਮਫਰੋਸ਼ੀ ਦੇ ਧੰਦੇ ਦੀ ਤਾਂ ਕਈ ਹੈਰਾਨ ਕਰ ਦੇਣ ਵਾਲੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। 'ਜਗ ਬਾਣੀ' ਦੀ ਟੀਮ ਨੇ ਜਾਂਚ-ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਬੱਸ ਅੱਡੇ ਦੇ ਸਾਹਮਣੇ ਵਾਲੀ ਰੋਡ ਚੌਕੀ ਕੋਚਰ ਮਾਰਕੀਟ ਕੋਲ ਯਮਲਾ ਪਾਰਕ ਦੇ ਆਸ-ਪਾਸ ਆਮ ਕਰ ਕੇ ਜਿਸਮਫਰੋਸ਼ੀ ਦਾ ਧੰਦਾ ਕਰਨ ਵਾਲੀਆਂ ਲੜਕੀਆਂ ਖੜ੍ਹੀਆਂ ਹੁੰਦੀਆਂ ਹਨ। ਇਨ੍ਹਾਂ ਲੜਕੀਆਂ ਦਾ ਨੈੱਟਵਰਕ ਜ਼ਬਰਦਸਤ ਹੈ, ਜੋ ਕਿ ਪੁਲਸ ਦੀ ਪਕੜ ਤੋਂ ਦੂਰ ਹੈ। ਪਾਰਕ ਕੋਲ ਲੜਕੀਆਂ ਗਾਹਕ ਨੂੰ ਫਸਾ ਕੇ ਹੋਟਲ 'ਚ ਲੈ ਜਾਂਦੀਆਂ ਹਨ ਅਤੇ ਸਿਰਫ 20-25 ਮਿੰਟ 'ਚ ਕੰਮ ਪੂਰਾ ਕਰ ਕੇ ਦੂਜੇ ਗਾਹਕ ਦੀ ਭਾਲ 'ਚ ਜੁਟ ਜਾਂਦੀਆਂ ਹਨ। ਜਦੋਂਕਿ ਕਈ ਲੜਕੀਆਂ ਭੋਲੇ-ਭਾਲੇ ਗਾਹਕਾਂ ਨੂੰ ਪਾਰਕ ਕੋਲ ਲਿਜਾ ਕੇ ਲੁੱਟ ਲੈਂਦੀਆਂ ਹਨ। ਇਨ੍ਹਾਂ ਲੜਕੀਆਂ ਦੇ ਨਾਲ 8-10 ਦਲਾਲ ਕਿਸੇ ਵੀ ਸਮੇਂ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਰਹਿੰਦੇ ਹਨ, ਜਿਸ ਕਾਰਨ ਇਨ੍ਹਾਂ ਦਾ ਸ਼ਿਕਾਰ ਵਿਅਕਤੀ ਪੁਲਸ ਕੋਲ ਵੀ ਆਪਣੀ ਸ਼ਿਕਾਇਤ ਲੈ ਕੇ ਜਾਣ ਤੋਂ ਕਤਰਾਉਂਦਾ ਹੈ। ਪਾਰਕ ਕੋਲ ਖੜ੍ਹੀਆਂ ਹੋਣ ਵਾਲੀਆਂ ਜ਼ਿਆਦਾਤਰ ਲੜਕੀਆਂ ਦੇ ਰੇਟ ਤੈਅ ਹਨ। 'ਜਗ ਬਾਣੀ' ਟੀਮ ਦਾ ਇਕ ਰਿਪੋਰਟਰ ਜਦੋਂ ਗਾਹਕ ਬਣ ਕੇ ਗਿਆ ਤਾਂ ਲੜਕੀ ਨੇ ਆਪਣਾ ਰੇਟ 1200 ਰੁਪਏ ਦੱਸਿਆ। ਲੜਕੀ ਨੇ ਦੱਸਿਆ ਕਿ ਜਿਸਮ

ਵੇਚਣ ਵਾਲੀਆਂ ਸਾਰੀਆਂ ਲੜਕੀਆਂ ਦੇ ਰੇਟ ਫਿਕਸ ਹਨ। ਉਨ੍ਹਾਂ ਨੂੰ ਸਿਰਫ 500 ਰੁਪਏ ਮਿਲਣਗੇ, ਜਦੋਂਕਿ 700 ਰੁਪਏ ਹੋਟਲ ਵਾਲਾ ਲਵੇਗਾ। ਕਹਿਣ ਦਾ ਭਾਵ ਹੈ ਕਿ 1200 ਰੁਪਏ 'ਚ ਲੜਕੀ ਅਤੇ ਹੋਟਲ ਸ਼ਾਮਲ ਹਨ।ਜਾਂਚ-ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਘੁੰਮ-ਘੁੰਮ ਕੇ ਜਿਸਮ ਵੇਚਣ ਵਾਲੀਆਂ ਲੜਕੀਆਂ ਦੇ ਹੋਟਲ ਫਿਕਸ ਹਨ, ਜਿਨ੍ਹਾਂ 'ਚੋਂ 3 ਹੋਟਲ ਅਜਿਹੇ ਹਨ, ਜਿਨ੍ਹਾਂ ਦਾ ਆਉਣ-ਜਾਣ ਦਾ ਰਸਤਾ ਅੱਗੇ ਅਤੇ ਪਿੱਛੇ ਦੋਵੇਂ ਪਾਸੇ ਹੈ। ਲੜਕੀਆਂ ਗਾਹਕ ਨੂੰ ਆਮ ਕਰ ਕੇ ਇਹ ਦੱਸਦੀਆਂ ਹਨ ਕਿ ਇਨ੍ਹਾਂ ਹੋਟਲਾਂ 'ਚ ਉਹ ਸੁਰੱਖਿਅਤ ਹਨ। ਜੇਕਰ ਕਿਸੇ ਸਮੇਂ ਪੁਲਸ ਛਾਪਾ ਮਾਰਦੀ ਹੈ ਤਾਂ ਹੋਟਲ ਮੁਲਾਜ਼ਮ ਉਨ੍ਹਾਂ ਨੂੰ ਪਿਛਲੇ ਰਸਤਿਓਂ ਕੱਢ ਦਿੰਦੇ ਹਨ। ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਪਾਰਕ ਕੋਲ ਕਈ ਅਜਿਹੇ ਦਲਾਲ ਘੁੰਮਦੇ ਹਨ, ਜੋ ਕਿ ਹਾਈ ਪ੍ਰੋਫਾਈਲ ਲੜਕੀਆਂ ਦੇ ਗਾਹਕ ਲੱਭਦੇ ਹਨ। ਦਲਾਲ ਅਜਿਹੇ ਗਾਹਕਾਂ ਨੂੰ ਹੋਟਲ ਦੇ ਅੰਦਰ ਲੈ ਜਾਂਦੇ ਹਨ। ਟੀਮ ਦਾ ਰਿਪੋਰਟਰ ਜਦੋਂ ਅਜਿਹੇ ਇਕ ਦਲਾਲ ਦੇ ਨਾਲ ਹੋਟਲ ਦੇ ਅੰਦਰ ਗਿਆ ਤਾਂ ਉਥੇ ਰਿਸੈਪਸ਼ਨ 'ਤੇ ਬੈਠੇ ਵਿਅਕਤੀ ਨੇ ਦਲਾਲ ਨੂੰ ਦੇਖਿਆ। ਦਲਾਲ ਦੇ ਇਸ਼ਾਰੇ 'ਤੇ ਉਕਤ ਵਿਅਕਤੀ ਨੇ ਮੋਬਾਇਲ 'ਤੇ ਕਈ ਲੜਕੀਆਂ ਦੀਆਂ ਫੋਟੋਆਂ ਦਿਖਾਈਆਂ, ਜੋ ਕਿ ਹੋਟਲ ਦੇ ਅੰਦਰ ਬੈਠੀਆਂ ਸਨ। ਥੋੜ੍ਹੇ ਸਮੇਂ ਲਈ ਲੜਕੀ ਦਾ ਰੇਟ 2000 ਰੁਪਏ ਅਤੇ ਰਾਤ ਬਿਤਾਉਣ 'ਤੇ 8 ਹਜ਼ਾਰ ਰੁਪਏ ਦੱਸਿਆ ਗਿਆ। ਬੱਸ ਅੱਡੇ ਕੋਲ ਦਾ ਇਲਾਕਾ ਚੌਕੀ ਕੋਚਰ ਮਾਰਕੀਟ ਅਤੇ ਥਾਣਾ ਡਵੀਜ਼ਨ ਨੰ. 5 ਦੇ ਤਹਿਤ ਆਉਂਦਾ ਹੈ। 6-7 ਮਹੀਨੇ ਪਹਿਲਾਂ ਔਰਤ ਆਈ. ਪੀ. ਐੱਸ., ਏ. ਸੀ. ਪੀ. ਜਸਰੂਪ ਕੌਰ ਦੀ ਅਗਵਾਈ 'ਚ ਪੁਲਸ ਨੇ 3 ਹੋਟਲਾਂ 'ਚ ਛਾਪੇਮਾਰੀ ਕਰ ਕੇ ਜਿਸਮਫਰੋਸ਼ੀ ਦਾ ਧੰਦਾ ਕਰਨ ਵਾਲੇ ਮੁਲਜ਼ਮਾਂ ਖਿਲਾਫ ਸ਼ਿਕੰਜਾ ਕੱਸਿਆ ਸੀ। ਕੁਝ ਦਿਨ ਜਿਸਮਫਰੋਸ਼ੀ ਦੇ ਧੰਦੇ 'ਤੇ ਲਗਾਮ ਲੱਗੀ ਪਰ ਹੁਣ ਮੁੜ ਇਹ ਧੰਦਾ ਹਾਈ ਸਪੀਡ ਨਾਲ ਚੱਲ ਰਿਹਾ ਹੈ। ਹੋਟਲਾਂ ਦੇ ਕਾਊਂਟਰ 'ਤੇ ਬੈਠਣ ਵਾਲੇ ਮੈਨੇਜਰ ਜਾਂ ਮੁਲਾਜ਼ਮ ਇੰਨੇ ਨਿਡਰ ਹੋ ਕੇ ਧੰਦਾ ਕਰਦੇ ਹਨ ਜਿਵੇਂ ਕਿ ਉਹ ਨੈਤਿਕ ਕੰਮਾਂ ਨੂੰ ਅੰਜਾਮ ਦੇ ਰਹੇ ਹੋਣ। ਇੰਨੇ ਵੱਡੇ ਪੱਧਰ 'ਤੇ ਹੋਟਲਾਂ 'ਚ ਚੱਲਣ ਵਾਲਾ ਅਨੈਤਿਕ ਕਾਰਜ ਬਿਨਾਂ ਪੁਲਸ ਦੀ ਸੈਟਿੰਗ ਦੇ ਸੰਭਵ ਨਹੀਂ ਹੈ। ਸੂਤਰਾਂ ਮੁਤਾਬਕ ਚੌਕੀ ਤੋਂ ਲੈ ਕੇ ਥਾਣੇ ਤੱਕ ਕਈ ਪੁਲਸ ਮੁਲਾਜ਼ਮ ਇਨ੍ਹਾਂ ਹੋਟਲਾਂ ਦੇ ਅੰਦਰ ਚੱਲਣ ਵਾਲੇ ਜਿਸਮਫਰੋਸ਼ੀ ਦੇ ਧੰਦੇ ਦੀ ਪੂਰੀ ਜਾਣਕਾਰੀ ਰੱਖਦੇ ਹਨ, ਜਿਨ੍ਹਾਂ ਨੂੰ ਅੱਖਾਂ ਮੀਟਣ ਲਈ ਹਰ ਮਹੀਨੇ ਮੋਟਾ ਹਫਤਾ ਪਹੁੰਚਾਇਆ ਜਾਂਦਾ ਹੈ। ਜੇਕਰ ਪੁਲਸ ਵਿਭਾਗ ਦੇ ਉੱਚ ਅਧਿਕਾਰੀ ਇਸ ਦੀ ਜਾਂਚ ਕਰਨ ਤਾਂ ਕਈ ਪੁਲਸ ਮੁਲਾਜ਼ਮ ਬੇਨਕਾਬ ਹੋ ਸਕਦੇ ਹਨ। ਇਸ ਸਬੰਧੀ ਏ. ਸੀ. ਪੀ. ਅਸ਼ੋਕ ਸ਼ਰਮਾ ਨੇ ਦੱਸਿਆ ਕਿ ਏ. ਸੀ. ਪੀ. ਸਿਵਲ ਲਾਈਨ ਜਤਿਨ ਬਾਂਸਲ ਛੁੱਟੀ 'ਤੇ ਹਨ। ਉਨ੍ਹਾਂ ਨੇ ਅੱਜ ਹੀ ਚਾਰਜ ਸੰਭਾਲਿਆ ਹੈ। 'ਜਗ ਬਾਣੀ' ਜ਼ਰੀਏ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਬੱਸ ਅੱਡੇ ਕੋਲ ਜਿਸਮਫਰੋਸ਼ੀ ਦਾ ਧੰਦਾ ਵਧ-ਫੁੱਲ ਰਿਹਾ ਹੈ। ਉਹ ਤੁਰੰਤ ਥਾਣਾ ਡਵੀਜ਼ਨ ਨੰ. 5 ਅਤੇ ਚੌਕੀ ਕੋਚਰ ਮਾਰਕੀਟ ਦੀ ਪੁਲਸ ਨੂੰ ਬੁਲਾ ਕੇ ਜਾਂਚ ਕਰਨ ਦੇ ਹੁਕਮ ਜਾਰੀ ਕਰਨਗੇ। ਜਾਂਚ ਦੌਰਾਨ ਜੇਕਰ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਪੁਲਸ ਸਖਤ ਤੋਂ ਸਖਤ ਕਾਰਵਾਈ ਕਰੇਗੀ।

ਸੜਕ 'ਤੇ ਟੈਂਟ ਲਗਾ ਕੇ ਬਣਾ ਦਿੱਤਾ ਕਾਰ ਬਾਜ਼ਾਰ, ਨਗਰ ਨਿਗਮ ਨੇ ਉਖਾੜਿਆ

ਲੁਧਿਆਣਾ 20 ਜੁਲਾਈ। ਨਗਰ ਨਿਗਮ ਜ਼ੋਨ ਬੀ ਦੀ ਤਹਿਬਜ਼ਾਰੀ ਬਰਾਂਚ ਵਲੋਂ ਸੋਮਵਾਰ ਨੂੰ ਸੂਫੀਆ ਚੌਕ ਤੋਂ ਲੈ ਕੇ ਚੀਮਾ ਚੌਕ ਤੱਕ ਡਰਾਈਵ ਚਲਾਈ ਗਈ। ਇਸ ਦੌਰਾਨ ਦੁਕਾਨਦਾਰਾਂ ਅਤੇ ਰੇਹੜੀ ਵਾਲਿਆਂ ਵੱਲੋਂ ਸੜਕ ਦੀ ਜਗ੍ਹਾ 'ਤੇ ਕੀਤੇ ਗਏ ਕਬਜ਼ੇ ਹਟਾਉਣ ਦੇ ਲਈ ਉਨ੍ਹਾਂ ਦਾ ਸਾਮਾਨ ਜਬਤ ਕਰ ਲਿਆ ਗਿਆ। ਇਸ ਤੋਂ ਇਲਾਵਾ ਸੜਕ 'ਤੇ ਟੈਂਟ ਲਗਾ ਕੇ ਬਣਾਇਆ ਗਿਆਰ ਕਾਰ ਬਾਜ਼ਾਰ ਵੀ ਨਗਰ ਨਿਗਮ ਵੱਲੋਂ ਤੋੜ ਦਿੱਤਾ ਗਿਆ। ਭਾਂਵੇਕਿ ਕਾਰ ਬਾਜ਼ਾਰ ਵਾਲਿਆਂ ਵੱਲੋਂ ਧੁੱਪ ਤੋਂ ਬਚਣ ਦੇ ਲਈ ਟੈਂਟ ਲਗਾਉਣ ਦਾ ਬਹਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਨਗਰ ਨਿਗਮ ਮੁਲਾਜ਼ਮਾਂ ਨੇ ਕਿਸੇ ਦੀ ਇਕ ਨਹੀ ਸੁਣੀ

ਅਤੇ ਪੁਲਸ ਦੀ ਮੱਦਦ ਤੋਂ ਕਬਜ਼ੇ ਹਟਾਉਣ ਦੀ ਡਰਾਈਵ ਨੂੰ ਅੰਜਾਮ ਦਿੱਤਾ ਗਿਆ। ਨਗਰ ਨਿਗਮ ਦੀ ਟੀਮ ਵਲੋਂ ਸੋਮਵਾਰ ਨੂੰ ਚੰਡੀਗੜ੍ਹ ਰੋਡ ਦੇ ਨਾਲ ਲੱਗਦੇ ਏਰੀਆ ਵਿਚ ਸਥਿਤ ਸਕੂਲ ਆਫ ਐਮੀਨੈਂਸ ਦੇ ਬਾਹਰ ਮੇਨ ਰੋਡ 'ਤੇ ਵੀ ਕਬਜ਼ੇ ਹਟਾਉਣ ਕਾਰਵਾਈ ਕੀਤੀ ਗਈ ਇਸ ਦੌਰਾਨ ਟੈਂਟੂ ਬਣਾਉਣ ਵਾਲਿਆਂ ਦੇ ਗਰੁੱਪ ਨੂੰ ਖਦੇੜ ਦਿੱਤਾ ਗਿਆ ਕਿਉਂਕਿ ਉਨਾਂ ਦੇ ਪਾਸ ਜਮਾ ਹੋਣ ਵਾਲੀ ਭੀੜ ਵੱਲੋਂ ਸਕੂਲੀ ਬੱਚਿਆਂ ਨੂੰ ਪਰੇਸ਼ਾਨ ਕਰਨ ਦੀ ਸ਼ਿਕਾਇਤ ਨਗਰ ਨਿਗਮ ਦੇ ਕੋਲ ਪੁੱਜ ਰਹੀ ਸੀ। ਜਿਸਦੇ ਮੱਦੇਨਜ਼ਰ ਸਖਤ ਕਾਰਵਾਈ ਕਰਦੇ ਹੋਏ ਉਨਾਂ ਲੋਕਾਂ ਦੇ ਸਾਮਾਨ ਅਤੇ ਵਾਹਨ ਵੀ ਨਗਰ ਨਿਗਮ ਦੀ ਟੀਮ ਚੁੱਕ ਕੇ ਆਪਣੇ ਨਾਲ ਲੈ ਗਈ।

ਪੰਜਾਬ 'ਚ ਮੁੜ ਚੱਲੀਆਂ ਗੋਲੀਆਂ, ਗੱਡੀ ਨੂੰ ਟੱਕਰ ਮਾਰਨ ਤੋਂ ਬਾਅਦ ਨੌਜਵਾਨਾਂ ਨੇ ਕਰ'ਤੀ ਫਾਇਰਿੰਗ

ਫਿਰੋਜ਼ਪੁਰ 20 ਜੁਲਾਈ। ਫਿਰੋਜ਼ਪੁਰ 'ਚ ਗੋਲੀਆਂ ਚੱਲਣ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਲਗਾਤਾਰ ਗੋਲੀਆਂ ਚੱਲਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਸੇ ਤਹਿਤ ਸੋਮਵਾਰ ਨੂੰ ਇਕ ਵਾਰ ਫਿ?ਰ ਫਿਰੋਜ਼ਪੁਰ 'ਚ ਇੱਕੋ ਦਿਨ 'ਚ ਦੋ ਥਾਵਾਂ 'ਤੇ ਗੋਲੀਆਂ ਚੱਲੀਆਂ ਹਨ। ਤਾਜਾ ਘਟਨਾ ਫਿਰੋਜ਼ਪੁਰ ਦੇ ਬਗਦਾਦੀ ਗੇਟ ਦੇ ਨਜਦੀਕ ਵਾਪਰੀ ਹੈ, ਜਿਥੇ ਇੱਕ ਰਾਹਗੀਰ ਨੇ ਮਾਮੂਲੀ ਜਿਹੀ ਗੱਲ ਨੂੰ ਲੈ ਕੇ ਗੋਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ਦੌਰਾਨ ਇੱਕ ਗੋਲੀ ਨੌਜਵਾਨ ਦੇ ਜਾ ਲੱਗੀ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਸਬੰਧੀ

ਜਾਣਕਾਰੀ ਦਿੰਦਿਆਂ ਜਖਮੀ ਨੌਜਵਾਨ ਰਾਜਬੀਰ ਸਿੰਘ ਨੇ ਦੱਸਿਆ ਕਿ ਉਹ ਵਿਆਹ ਤੋਂ ਆ ਰਹੇ ਸਨ। ਇਸ ਦੌਰਾਨ ਬਗਦਾਦੀ ਗੇਟ ਦੇ ਨਜਦੀਕ ਇੱਕ ਚੰਡੀਗੜ੍ਹ ਨੰਬਰ ਦੀ ਗੱਡੀ ਆਈ ਅਤੇ ਟੱਕਰ ਮਾਰ ਕੇ ਅੱਗੇ ਲੰਘ ਗਈ। ਜਦ ਅੱਗੇ ਜਾ ਕੇ ਉਨ੍ਹਾਂ ਨੇ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਕਤ ਨੌਜਵਾਨਾਂ ਨੇ ਉੱਥੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਇੱਕ ਗੋਲੀ ਉਸ ਦੀ ਲੱਤ 'ਤੇ ਲੱਗ ਗਈ। ਉਨ੍ਹਾਂ ਮੰਗ ਕੀਤੀ ਕਿ ਗੋਲੀ ਚਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਧਰ ਮੌਕੇ 'ਤੇ ਪਹੁੰਚੀ ਪੁਲਸ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਤਲਾਹ ਮਿਲੀ ਸੀ ਕਿ ਬਗਦਾਦੀ ਗੇਟ ਦੇ ਨਜਦੀਕ ਗੋਲੀ ਚੱਲੀ ਹੈ।

ਪੇਪਰ ਦੇ ਕੇ ਆ ਰਹੇ ਵਿਦਿਆਰਥੀ ਨਾਲ 7-8 ਮੁੰਡਿਆਂ ਨੇ ਕੀਤੀ ਕੁੱਟਮਾਰ, ਮਾਪਿਆਂ ਨੇ ਪੁਲਸ ਚੌਕੀ ਅੱਗੇ ਕੀਤਾ ਪ੍ਰਦਰਸ਼ਨ

ਲੁਧਿਆਣਾ 20 ਜੁਲਾਈ। ਪੇਪਰ ਦੇਣ ਤੋਂ ਬਾਅਦ ਸਕੂਲ ਦੇ ਵਿਦਿਆਰਥੀ ਦੀ ਕੁੱਟਮਾਰ ਨੂੰ ਲੈ ਕੇ ਮਾਪਿਆਂ ਵੱਲੋਂ ਕਾਰਵਾਈ ਨਾ ਕਰਨ ਨੂੰ ਲੈ ਕੇ ਚੌਕੀ ਸਾਹਮਣੇ ਪ੍ਰਦਰਸਨ ਕਰਕੇ ਰੋਡ ਜਾਮ ਕੀਤਾ ਗਿਆ। ਮਾਮਲਾ ਥਾਣਾ ਡਿਵੀਜਨ ਨੰ. 7 ਦੀ ਚੌਕੀ ਤਾਜਪੁਰ ਦਾ ਹੈ। ਚੌਕੀ ਸਾਹਮਣੇ ਰੋਡ ਜਾਮ ਕਰਨ ਵਾਲੇ ਵਿਦਿਆਰਥੀ ਦੇ ਮਾਪਿਆਂ ਨੇ ਆਪਣੇ ਸਮਰਥਕਾਂ ਨਾਲ ਪ੍ਰਦਰਸਨ ਕਰਦੇ ਹੋਏ ਪਿਤਾ ਮੰਗਤ ਰਾਮ ਪੁੱਤਰ ਦਿਲਬਾਗ ਸਿੰਘ ਵਾਸੀ ਬਾਬਾ ਜੀਵਨ ਸਿੰਘ ਨਗਰ ਤਾਜਪੁਰ ਰੋਡ ਨੇ ਦੱਸਿਆ ਕਿ ਬੀਤੀ 13 ਜੁਲਾਈ ਨੂੰ ਉਨ੍ਹਾਂ ਦਾ ਪੁੱਤਰ ਅੰਕੁਸ ਜੋ

ਗਿਆਰਵੀਂ ਜਮਾਤ 'ਚ ਪੜ੍ਹਦਾ ਹੈ ਪੇਪਰ ਦੇ ਕੇ ਆ ਰਿਹਾ ਸੀ ਤਾਂ ਅਣਪਛਾਤੇ 7-8 ਮੁੰਡਿਆਂ ਨੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਦਿੱਤੀ। ਜਿਸ ਨਾਲ ਸਾਡੇ ਬੱਚੇ ਦੇ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਹ ਡਰ ਦੇ ਸਾਏ 'ਚ ਜੀਅ ਰਿਹਾ ਹੈ। ਪਿਤਾ ਮੰਗਤ ਦਾਸ ਨੇ ਦੱਸਿਆ ਕਿ ਅਸੀਂ ਉਸੇ ਦਿਨ ਤੋਂ ਚੌਕੀ ਤਾਜਪੁਰ ਦੇ ਚੱਕਰ ਕੱਢ ਰਹੇ ਹਾਂ ਸਾਡੀ ਸ?ਿਕਾਇਤ ਤੱਕ ਦਰਜ ਨਹੀਂ ਕੀਤੀ ਗਈ, ਜਿਸ ਕਾਰਨ ਅੱਜ ਮਜਬੂਰਨ ਸਾਨੂੰ ਰੋਡ ਜਾਮ ਪ੍ਰਦਰਸਨ ਕਰਕੇ ਆਪਣੀ ਸ?ਿਕਾਇਤ ਦਰਜ ਕਰਾਉਣੀ ਪਈ। ਇਸ ਮਾਮਲੇ ਸਬੰਧੀ ਜਦੋਂ ਚੌਕੀ ਇੰਚਾਰਜ ਜਨਕ ਰਾਜ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬੱਚਿਆਂ ਦਾ ਕਿਸੇ ਕੁੜੀ ਨੂੰ ਲੈ ਕੇ ਝਗੜਾ ਹੋਇਆ ਹੈ। ਜਿੰਨ੍ਹਾਂ ਮੁੰਡਿਆਂ ਨੇ ਝਗੜਾ ਕੀਤਾ ਹੈ, ਉਨ੍ਹਾਂ ਦੇ ਘਰ ਪੁਲਸ ਰੇਡ ਕਰ ਚੁੱਕੀ ਹੈ ਪਰ ਅਜੇ ਤੱਕ ਕੋਈ ਕਾਬੂ ਨਹੀਂ ਆਇਆ। ਉਨ੍ਹਾਂ ਕਿਹਾ ਕਿ ਪੁਲਸ ਕਾਰਵਾਈ ਕਰ ਰਹੀ ਹੈ।

ਟ੍ਰੈਫਿਕ ਐਜੂਕੇਸਨ ਸੈੱਲ ਵੱਲੋਂ ਦੀਨਾਨਗਰ ਵਿਖੇ ਆਵਾਜਾਈ ਨਿਯਮਾਂ ਦੀ ਜਾਣਕਾਰੀ ਦੇਣ ਲਈ ਲਗਾਇਆ ਵਿਸੇਸ ਸੈਮੀਨਾਰ

ਦੀਨਾਨਗਰ 20 ਜੁਲਾਈ। ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ ਦਾਯਮਾ ਦੀਆਂ ਹਦਾਇਤਾਂ ਤਹਿਤ ਜ?ਿਲ੍ਹਾ ਪੁਲਿਸ ਦੇ ਟ੍ਰੈਫਿਕ ਐਜੂਕੇਸਨ ਸੈੱਲ ਵੱਲੋਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਨਾਨਗਰ ਵਿਖੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਵਿਸੇਸ ਸੈਮੀਨਾਰ ਲਗਾਇਆ ਗਿਆ। ਸੈਮੀਨਾਰ ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਟਰੈਫ?ਿਕ ਨਿਯਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ ਅਮਨਦੀਪ ਸਿੰਘ ਨੇ ਕਿਹਾ ਕਿ ਸਕੂਟਰ ਜਾਂ ਮੋਟਰਸਾਈਕਲ ਚਲਾਉਂਦੇ ਸਮੇਂ ਹੈਲਮਟ ਜ਼ਰੂਰ ਪਾਉਣਾ ਚਾਹੀਦਾ ਹੈ ਅਤੇ ਬਾਈਕ ਦੀ ਸਪੀਡ ਵੀ ਨਾਰਮਲ ਰੱਖਣੀ ਚਾਹੀਦੀ ਹੈ। ਇਸਦੇ ਨਾਲ ਹੀ ਚਾਰ ਪਹੀਆ ਵਾਹਨ ਚਾਲਕਾਂ ਨੂੰ ਵਾਹਨ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਜਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਫੋਨ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ ਕਿਉਂਕਿ ਅਜਿਹਾ ਹੋਣ ਨਾਲ ਕਈ ਤਰ੍ਹਾਂ ਦੇ ਹਾਦਸੇ ਹੋ

ਜਾਂਦੇ ਹਨ। ਉਨ੍ਹਾਂ ਕਿਹਾ ਕਿ ਡਰਾਈਵਿੰਗ ਲਾਇਸੈਂਸ ਸਮੇਤ ਵਾਹਨ ਦੇ ਕਾਗਜਾਤ ਜਰੂਰ ਨਾਲ ਰੱਖਣੇ ਚਾਹੀਦੇ ਹਨ। ਏ.ਐੱਸ.ਆਈ ਸੁਭਾਸ ਚੰਦਰ ਨੇ ਕਿਹਾ ਕਿ ਹੁਣ 16 ਤੋਂ 18 ਸਾਲ ਦੇ ਬੱਚਿਆਂ ਨੂੰ ਬੀ ਡਰਾਈਵਿੰਗ ਲਾਇਸੈਂਸ ਮਿਲਦਾ ਹੈ ਅਤੇ ਉਹ ਬਿਨਾਂ ਗੇਅਰ ਦੇ ਵਾਹਨ ਚਲਾ ਸਕਦੇ ਹਨ। ਜੇਕਰ ਕੋਈ 18 ਸਾਲ ਤੋਂ ਘੱਟ ਉਮਰ ਦਾ ਬੱਚਾ ਬਿਨਾਂ ਲਾਇਸੈਂਸ ਦੇ ਵਾਹਨ ਚਲਾਉਂਦਾ ਹੈ ਤਾਂ ਉਸ ਬੱਚੇ ਦੇ ਮਾਪਿਆਂ ਖ?ਿਲਾਫ ਵੀ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਇਸ ਮੌਕੇ ਉਨ੍ਹਾਂ ਪੁਲਸ ਹੈਲਪ ਲਾਈਨ 112 ਅਤੇ ਨੈਸਨਲ ਹਾਈਵੇ ਦੇ ਹੈਲਪ ਲਾਈਨ ਨੰਬਰ 1033 ਬਾਰੇ ਵੀ ਜਾਣਕਾਰੀ ਦਿੱਤੀ। ਸੈਮੀਨਾਰ ਵਿੱਚ ਹਾਜਰ ਸਮੂਹ ਵਿਦਿਆਰਥੀਆਂ ਨੇ ਟਰੈਫ?ਿਕ ਨਿਯਮਾਂ ਦੀ ਪਾਲਣਾ ਕਰਨ ਦਾ ਪ੍ਰਣ ਕੀਤਾ ਅਤੇ ਸੈਮੀਨਾਰ ਵਿੱਚ ਦਿਨੇਸ ਸਿੰਘ, ਮਨਜੀਤ ਸਿੰਘ ਅਤੇ ਪ੍ਰੀਤੀ ਬਾਲਾ ਨੇ ਵੀ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ।

ਪੰਜਾਬ ਦੇ ਅਧਿਆਪਕਾਂ ਲਈ ਬੇਹੱਦ ਅਹਿਮ ਖਬਰ, ਸਿੱਖਿਆ

ਨੌਜਵਾਨਾਂ ਦੀ ਝੜਪ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਹਰਕਤ 'ਚ ਆਈ ਪੁਲਸ

ਸੁਲਤਾਨਪੁਰ ਲੋਧੀ 20 ਜੁਲਾਈ। ਪਿਛਲੇ ਦਿਨੀਂ ਸੁਲਤਾਨਪੁਰ ਲੋਧੀ ਤਲਵੰਡੀ ਚੌਧਰੀਆਂ ਮਾਰਗ 'ਤੇ ਹਸਪਤਾਲ ਨੇੜੇ ਨੌਜਵਾਨਾਂ ਦੇ ਦੋ ਗੁੱਟਾਂ ਵਿਚਕਾਰ ਝੜਪ ਹੋਈ ਸੀ। ਇਸ ਦੌਰਾਨ ਦੋ ਨੌਜਵਾਨ ਗੰਭੀਰ ਜਖਮੀ ਹੋਏ ਸਨ, ਜਿਨ੍ਹਾਂ 'ਚੋਂ ਇਕ ਦੀ ਹਾਲਤ ਨਾਜੁਕ ਬਣੀ ਹੋਈ ਹੈ, ਜਿਸ 'ਤੇ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੇ ਤੁਰੰਤ ਕਾਰਵਾਈ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਇੰਸਪੈਕਟਰ ਹਰਗੁਰਦੇਵ ਸਿੰਘ ਨੇ ਥਾਣਾ ਸੁਲਤਾਨਪੁਰ ਲੋਧੀ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਸੋਸਲ ਮੀਡੀਆ 'ਤੇ ਵਾਇਰਲ ਹੋਈ ਇਕ ਵੀਡੀਓ ਬਾਰੇ ਪੁਲਸ ਨੂੰ ਸੂਚਨਾ ਦਿੱਤੀ ਗਈ ਹੈ, ਜਿਸ 'ਚ 15 ਦੇ ਕਰੀਬ ਨੌਜਵਾਨਾਂ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕੀਤਾ ਜਾ ਰਿਹਾ ਹੈ। ਇਸ ਸਾਰੀ ਘਟਨਾ ਦੀ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋ ਗਈ ਹੈ, ਜਿਸ ਦੌਰਾਨ ਦੋ ਨੌਜਵਾਨ ਗੰਭੀਰ ਜਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਕਤ ਦੀ ਪਛਾਣ ਸੂਜੋਕਾਲੀਆ ਵਾਸੀ ਅਭਿਰਾਜਪਾਲ ਸਿੰਘ, ਗੁਰਪ੍ਰੀਤ ਸਹੋਤਾ ਪੁੱਤਰ ਤਜਿੰਦਰ ਸਿੰਘ ਵਾਸੀ ਮੰਡ ਅੱਲੂਵਾਲ ਵਜੋਂ ਹੋਈ ਹੈ, ਜਿਨ੍ਹਾਂ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਏ. ਐੱਸ. ਆਈ. ਹਰਜਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੁਲਜਮ ਨਿਤੀਸ ਤਿਵਾੜੀ ਵਾਸੀ ਚੌਕ ਚੇਲਿਆਂ, ਨੀਰਜ ਤਿਵਾੜੀ ਵਾਸੀ ਚੌਕ ਚੇਲਿਆਂ, ਸੁਖਮਨ ਵਾਸੀ ਪਿੰਡ ਜੱਬੋਵਾਲ, ਦਮਨ ਜੋਸਨ, ਅਰਸ ਅਤੇ 10, 15 ਅਣਪਛਾਤੇ ਨੌਜਵਾਨਾਂ ਖਿ?ਲਾਫ ਧਾਰਾ 115 (2), 118 (1), 126 (2), 194 (2), 351 (3), 191(3), 190 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਜਨਤਕ ਥਾਂ 'ਤੇ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਸਹਿਰ ਵਿਚ ਕਿਸੇ ਨੂੰ ਵੀ ਅਮਨ ਸਾਂਤੀ ਭੰਗ ਨਹੀਂ ਕਰਨ ਦਿੱਤੀ ਜਾਵੇਗੀ।

ਕੈਂਟ ਤੇ ਸਿਟੀ ਸਟੇਸ਼ਨ 'ਤੇ ਯਾਤਰੀ ਪ੍ਰੇਸ਼ਾਨ: ਅੰਮ੍ਰਿਤਸਰ ਐਕਸਪ੍ਰੈੱਸ ਤੇ ਮੌਰ ਧਵਜ 3, ਮਾਲਵਾ ਐਕਸਪ੍ਰੈੱਸ 4 ਘੰਟੇ ਲੇਟ

ਜਲੰਧਰ 20 ਜੁਲਾਈ। ਕਰਤਾਰਪੁਰ ਟਰੈਕ 'ਤੇ ਚੱਲ ਰਹੀ ਮੁਰੰਮਤ ਕਾਰਨ ਪ੍ਰਭਾਵਿਤ ਹੋ ਰਹੀ ਟਰੇਨਾਂ ਦੀ ਆਵਾਜਾਈ ਆਮ ਵਾਂਗ ਹੋਣ ਨਾਲ ਯਾਤਰੀਆਂ ਨੂੰ ਕੁਝ ਰਾਹਤ ਮਿਲੀ ਸੀ ਪਰ ਬੀਤੇ ਦਿਨ ਸਿਟੀ ਅਤੇ ਕੈਂਟ ਸਟੇਸ਼ਨ ਦੀਆਂ ਮਹੱਤਵਪੂਰਨ ਟਰੇਨਾਂ ਦੇ ਲੇਟ ਹੋਣ ਕਾਰਨ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਉਠਾਉਣ 'ਤੇ ਮਜਬੂਰ ਹੋਣਾ ਪਿਆ। ਸ਼ਤਾਬਦੀ, ਸ਼ਾਨ-ਏ-ਪੰਜਾਬ, ਅੰਮ੍ਰਿਤਸਰ ਐਕਸਪ੍ਰੈੱਸ ਅਤੇ ਵੈਸ਼ਨੋ ਦੇਵੀ ਕਟੜਾ ਵਰਗੀਆਂ ਟਰੇਨਾਂ ਦੇ ਲੇਟ ਹੋਣ ਕਾਰਨ ਯਾਤਰੀਆਂ ਨੂੰ ਘੰਟਿਆਂਬੱਧੀ ਉਡੀਕ ਕਰਨ 'ਤੇ ਮਜਬੂਰ ਹੋਣਾ ਪਿਆ। ਟਰੇਨਾਂ ਦੀ ਦੇਰੀ ਨਾਲ ਜਿੱਥੇ ਇਕ ਪਾਸੇ ਰੈਗੂਲਰ ਯਾਤਰੀਆਂ ਨੂੰ ਦਿੱਕਤਾਂ ਪੇਸ਼ ਆ ਰਹੀਆਂ ਹਨ, ਉਥੇ ਹੀ ਡੇਲੀ ਪੈਸੰਜਰਾਂ ਨੂੰ ਆਪਣੀ ਮੰਜਿ?ਲ 'ਤੇ ਪਹੁੰਚਣ ਵਿਚ ਦੇਰੀ ਹੋ ਰਹੀ ਹੈ, ਜਿਸ ਨਾਲ ਉਹ ਸਮੇਂ 'ਤੇ ਡਿਊਟੀ 'ਤੇ ਵੀ ਨਹੀਂ ਪਹੁੰਚ ਪਾ ਰਹੇ। ਟਰੇਨਾਂ ਦੇ ਲੇਟ ਹੋਣ ਦੇ ਸਿਲਸਿਲੇ ਵਿਚ ਮੌਰ ਧਵਜ ਐਕਸਪ੍ਰੈੱਸ 12491 ਸਵੇਰੇ 7.53 ਤੋਂ ਸਾਢੇ 3 ਘੰਟੇ ਦੀ ਦੇਰੀ ਨਾਲ 11.20 'ਤੇ ਕੈਂਟ ਸਟੇਸ਼ਨ 'ਤੇ ਪੁੱਜੀ। 12029 ਸਵਰਨ ਸ਼ਤਾਬਦੀ ਆਪਣੇ ਤੈਅ ਸਮੇਂ 12.06 ਵਜੇ ਤੋਂ ਲੱਗਭਗ 52 ਮਿੰਟਾਂ ਦੀ ਦੇਰੀ ਨਾਲ 12.58 'ਤੇ ਸਟੇਸ਼ਨ ਪੁੱਜੀ। ਸਵੇਰੇ 11.35 ਵਜੇ ਪਹੁੰਚਣ ਵਾਲੀ

14506 ਅੰਮ੍ਰਿਤਸਰ ਐਕਸਪ੍ਰੈੱਸ 3 ਘੰਟੇ ਦੀ ਦੇਰੀ ਨਾਲ 2.37 ਵਜੇ ਪੁੱਜੀ, ਜਦਕਿ ਸ਼ਾਨ-ਏ-ਪੰਜਾਬ ਨੇ ਇਕ ਘੰਟਾ ਉਡੀਕ ਕਰਵਾਈ। 12317 ਅਕਾਲ ਤਖਤ ਐਕਸਪ੍ਰੈੱਸ ਦੁਪਹਿਰ 3.40 ਤੋਂ ਸਵਾ ਘੰਟੇ ਦੀ ਦੇਰੀ ਨਾਲ ਸ਼ਾਮ 5 ਵਜੇ ਦੇ ਲਗਭਗ ਸਿਟੀ ਸਟੇਸ਼ਨ ਪੁੱਜੀ। ਅੰਮ੍ਰਿਤਸਰ ਜਨਸੇਵਾ ਐਕਸਪ੍ਰੈੱਸ 14617 ਦੁਪਹਿਰ 3.06 ਵਜੇ ਤੋਂ 2 ਘੰਟੇ ਦੀ ਦੇਰੀ ਨਾਲ 5.14 ਵਜੇ ਪੁੱਜੀ। ਸਰਯੂ-ਯਮੁਨਾ ਐਕਸਪ੍ਰੈੱਸ 14649 ਦੁਪਹਿਰ 3.23 ਤੋਂ 2 ਘੰਟੇ ਲੇਟ ਰਹਿੰਦੇ ਹੋਏ ਸਾਢੇ 5 ਵਜੇ ਸਟੇਸ਼ਨ 'ਤੇ ਰਿਪੋਰਟ ਹੋਈ। ਬਾੜਮੇਰ ਤੋਂ ਚੱਲਣ ਵਾਲੀ ਸ਼ਾਲੀਮਾਰ ਮਾਲਿਨੀ 14661 ਡੇਢ ਘੰਟਾ ਲੇਟ ਰਹਿੰਦੇ ਹੋਏ 3.18 ਵਜੇ ਪੁੱਜੀ। ਵੈਸ਼ਨੋ ਦੇਵੀ ਜਾਣ ਵਾਲੀਆਂ ਵੱਖ-ਵੱਖ ਟਰੇਨਾਂ ਦੇ ਲੇਟ ਹੋਣ ਕਾਰਨ ਸ਼ਰਧਾਲੂਆਂ ਨੂੰ ਲੰਮੀ ਉਡੀਕ ਕਰਨੀ ਪੈ ਰਹੀ ਹੈ। ਰੁਟੀਨ ਸਿਲਸਿਲੇ ਦੇ ਨਾਲ-ਨਾਲ ਵਿਸ਼ੇਸ਼ ਟਰੇਨਾਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਇਸੇ ਸਿਲਸਿਲੇ ਵਿਚ ਨਵੀਂ ਦਿੱਲੀ ਤੋਂ ਮਾਤਾ ਵੈਸ਼ਨੋ ਦੇਵੀ ਜਾਣ ਵਾਲੀ ਸਮਰ ਸਪੈਸ਼ਲ 04075 ਸਵੇਰੇ 5.26 ਤੋਂ 2.22 ਘੰਟੇ ਦੀ ਦੇਰੀ ਨਾਲ 7.48 ਵਜੇ ਕੈਂਟ ਸਟੇਸ਼ਨ 'ਤੇ ਪੁੱਜੀ। ਇਸੇ ਤਰ੍ਹਾਂ ਨਾਲ ਡਾ. ਅੰਬੇਡਕਰ ਨਗਰ ਤੋਂ ਵੈਸ਼ਨੋ ਦੇਵੀ ਕਟੜਾ ਜਾਣ ਵਾਲੀ 12919 ਮਾਲਵਾ ਐਕਸਪ੍ਰੈੱਸ ਸਵੇਰੇ 10.33 ਤੋਂ ਸਵਾ 4 ਘੰਟੇ ਦੀ ਦੇਰੀ ਨਾਲ ਦੁਪਹਿਰ 2.46 ਵਜੇ ਪੁੱਜੀ।

ਅਧਿਆਪਕਾਂ ਲਈ ਅਹਿਮ ਖਬਰ, ਸਿੱਖਿਆ ਵਿਭਾਗ ਨੇ ਬਦਲੀਆਂ ਨੂੰ ਲੈ ਕੇ ਜਾਰੀ ਕਰ ਦਿੱਤੇ ਨਵੇਂ ਹੁਕਮ

ਲੁਧਿਆਣਾ 20 ਜੁਲਾਈ। ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਬੀਤੇ ਸਮੇਂ ਦੇ ਦੌਰਾਨ ਟੀਚਰ ਟਰਾਂਸਫਰ ਪਾਲਿਸੀ 2018 ਤੇ ਪਲਿਸੀ 'ਚ ਸਮੇਂ-ਸਮੇਂ 'ਤੇ ਕੀਤੀ ਗਈ ਸੋਧ ਅਨੁਸਾਰ ਪੋਰਟਲ ਅਧੀਨ ਆਨਲਾਈਨ ਵਿਧੀ ਵੱਲੋਂ ਅਧਿਆਪਕਾਂ/ਮੁਲਾਜ਼ਮਾਂ ਦੀ ਟਰਾਂਸਫਰ ਕੀਤਾ ਗਈ ਸੀ। ਆਨਲਾਈਨ ਟਰਾਂਸਫਰ ਕਰਨ ਸਮੇਂ ਜੋ ਟਰਾਂਸਫਰ ਹੋਈਆਂ ਸਨ, ਉਨ੍ਹਾਂ 'ਚੋਂ ਕੁਝ ਟਰਾਂਸਫਰ ਸਕੂਲ 'ਚ 50 ਫੀਸਦੀ ਤੋਂ ਘੱਟ ਸਟਾਫ ਦੀ ਸ਼ਰਤ ਕਾਰਨ ਭਾਵ ਕਿਸੇ ਹੋਰ ਵਿਭਾਗ ਕਾਰਨ ਲਾਗੂ ਨਹੀਂ ਹੋ ਸਕਦੀਆਂ ਸਨ, ਜਿਸ ਕਾਰਨ ਮੁਲਾਜ਼ਮ ਕਰਮਚਾਰੀ ਦਾ ਡਾਟਾ ਟਰਾਂਸਫਰ ਵਾਲੇ ਸਕੂਲ (ਅਰਥਾਤ ਜਿਥੇ ਟਰਾਂਸਫਰ ਹੋਈ ਸੀ) 'ਚ ਹੀ ਅਧਿਆਪਕ ਕਰਮਚਾਰੀ, ਜਿਸ 'ਚ ਅਜੇ ਵੀ ਉਸੇ ਸਕੂਲ 'ਚ ਕੰਮ ਕਰ ਰਿਹਾ ਹੈ। ਇਸ ਤਰ੍ਹਾਂ ਦੇ ਅਧਿਆਪਕ/ਮੁਲਾਜ਼ਮ ਦੀ ਟਰਾਂਸਫਰ ਰੱਦ ਕੀਤੀ ਜਾਣੀ ਹੈ ਤਾਂ ਕਿ ਜਿਥੇ ਅਧਿਆਪਕ ਮੁਲਾਜ਼ਮ ਕੰਮ ਕਰ ਰਹੇ ਹਨ, ਉਸ ਸਕੂਲ 'ਚ ਉਸ ਦਾ ਡਾਟਾ ਸ਼ਿਫਟ ਹੋ ਸਕੇ। ਇਸ ਉਦੇਸ਼ ਨਾਲ ਵਿਭਾਗ ਵੱਲੋਂ ਸਕੂਲ ਪ੍ਰਮੁੱਖ/ਡੀ. ਈ. ਓ. ਦੇ ਅਕਾਊਂਟ 'ਚ ਇਕ ਲਿੰਕ ਜਾਰੀ ਕੀਤਾ ਗਿਆ ਹੈ। ਇਸ ਲਿੰਕ ਦੇ ਮਾਧਿਅਮ ਨਾਲ ਸ਼ੁੱਕਰਵਾਰ ਤੱਕ ਸਾਰੇ ਸਕੂਲ ਪ੍ਰਮੁੱਖ/ਡੀ. ਈ. ਓ. ਕੇਵਲ ਉਨ੍ਹਾਂ ਅਧਿਆਪਕਾਂ ਦਾ ਡਾਟਾ ਭਰਨਾ ਯਕੀਨੀ ਕਰਨਗੇ ਜਿਨ੍ਹਾਂ ਦਾ ਟਰਾਂਸਫਰ 50 ਫੀਸਦੀ ਸਟਾਫ ਦੇ ਕਾਰਨ ਭਾਵ ਕਿਸੇ ਹੋਰ ਵਿਭਗੀ ਕਾਰਨ ਕਾਰਨ ਲਾਗੂ ਨਹੀਂ ਹੋ ਸਕੇ।

ਕਬੱਡੀ ਖਿਡਾਰੀ ਦੀ ਮੌਤ ਮਾਮਲੇ 'ਚ 2 ਗ੍ਰਿਫ਼ਤਾਰ

ਭਾਦਸੋਂ 20 ਜੁਲਾਈ। ਬੀਤੇ ਦਿਨੀਂ ਸ਼ਹਿਰ ਦੇ ਵਾਰਡ ਨੰਬਰ 6 ਦੇ 37 ਕੁ ਸਾਲਾ ਨੌਜਵਾਨ ਕਬੱਡੀ ਖਿਡਾਰੀ ਸਤਵਿੰਦਰ ਸਿੰਘ ਉਰਫ ਬੰਟੀ ਦੀ ਨਸ਼ੇ ਦੀ ਓਵਰਡੋਜ ਕਾਰਨ ਮੌਤ ਹੋ ਗਈ ਸੀ। ਪਰਿਵਾਰਕ ਮੈਂਬਰ ਦੇ ਬਿਆਨਾਂ ਉਪਰੰਤ ਭਾਦਸੋਂ ਪੁਲਸ ਵੱਲੋਂ 9 ਵਿਅਕਤੀਆਂ ਖਿਲਾਫ ਬੀ. ਐੱਨ. ਐੱਸ. ਦੀ ਧਾਰਾ 105 ਤਹਿਤ ਮੁਕੱਦਮਾ ਦਰਜ ਕਰ ਲਿਆ ਸੀ। ਪੁਲਸ ਪ੍ਰਸ਼ਾਸਨ ਵੱਲੋਂ ਇਨ੍ਹਾਂ 'ਚੋਂ 2 ਵਿਅਕਤੀਆਂ ਸੰਜੀਵ ਕੁਮਾਰ ਪੁੱਤਰ ਜੀਵਨ ਕੁਮਾਰ ਵਾਸੀ ਭਾਦਸੋਂ ਅਤੇ ਲਛਮੀ ਪਤਨੀ ਬਲਵੀਰ ਸਿੰਘ ਵਾਸੀ ਰੋਹਟੀ ਛੰਨਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅੱਜ ਥਾਣਾ ਭਾਦਸੋਂ ਵਿਖੇ ਐੱਸ. ਐੱਸ. ਪੀ. ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ 'ਤੇ ਜਸਵੀਰ ਸਿੰਘ ਐੱਸ. ਪੀ. ਪੀ. ਬੀ. ਆਈ., ਦਵਿੰਦਰ ਅੱਤਰੀ ਡੀ. ਐੱਸ. ਪੀ. ਨਾਭਾ ਅਤੇ ਥਾਣਾ ਮੁਖੀ ਸਬ-ਇੰਸਪੈਕਟਰ ਇੰਦਰਜੀਤ ਸਿੰਘ ਨੇ ਪ੍ਰੈੱਸ ਨਾਲ ਇਕ ਅਹਿਮ ਮੀਟਿੰਗ ਕਰ ਕੇ ਘਟਨਾਕ੍ਰਮ ਸਬੰਧੀ ਖੁਲਾਸੇ ਕੀਤੇ। ਉਨ੍ਹਾਂ ਦੱਸਿਆ ਕਿ ਮਿਤੀ 13 ਜੁਲਾਈ ਦੀ ਰਾਤ ਨੂੰ ਸਤਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਦੀ ਡਰੱਗ ਓਵਰਡੋਜ ਨਾਲ ਮੌਤ ਹੋ ਗਈ ਸੀ। ਪਰਿਵਾਰਕ ਮੈਂਬਰਾਂ ਦਾ ਕਹਿਣਾ ਸੀ ਕਿ ਸੰਜੀਵ ਕੁਮਾਰ ਦੁਆਰਾ ਸਤਵਿੰਦਰ ਸਿੰਘ ਨੂੰ ਨਸ਼ਾ ਦਿੱਤਾ ਗਿਆ। ਇਹ ਨਸ਼ਾ ਦੋਨੋਂ ਰੋਹਟੀ ਤੋਂ ਲਿਆਏ ਅਤੇ ਜ?ਿਆਦਾ ਨਸ਼ਾ ਕਰਨ ਨਾਲ ਸਤਵਿੰਦਰ ਸਿੰਘ ਦੀ ਮੌਤ ਹੋ ਗਈ ਸੀ। ਐੱਸ. ਪੀ. ਜਸਵੀਰ ਸਿੰਘ ਨੇ ਦੱਸਿਆ ਕਿ ਸੰਜੀਵ ਕੁਮਾਰ ਅਤੇ ਲਛਮੀ ਸਮੇਤ ਬਾਕੀ 7 'ਤੇ ਧਾਰਾ 105 ਬੀ. ਐੱਨ. ਐੱਸ. ਤਹਿਤ ਮੁਕੱਦਮਾ ਦਰਜ ਕਰਕੇ ਸੰਜੀਵ ਕੁਮਾਰ ਅਤੇ ਲਛਮੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਸ ਵਲੋਂ ਕੀਤੀ ਗਈ ਤਫਤੀਸ਼ ਨਾਲ ਇਹ ਗੱਲ ਸਾਹਮਣੇ ਆਈ ਕਿ ਮ੍ਰਿਤਕ ਅਤੇ ਸੰਜੀਵ ਇਹ ਨਸ਼ਾ ਪਿੰਡ ਰੋਹਟੀ ਦੀਆਂ ਮਹਿਲਾਵਾਂ ਲਛਮੀ, ਬਿਮਲਾ, ਚਰਨੋ, ਭੋਲੀ, ਛੋਟੀ ਅਤੇ ਨੌਜਵਾਨ ਰਾਜਵਿੰਦਰ ਸਿੰਘ ਉਰਫ ਰਾਜੂ ਪੁੱਤਰ ਫੌਜਾ ਸਿੰਘ, ਰਾਜੂ ਪੁਤਰ ਕੰਗਣ ਸਿੰਘ ਅਤੇ ਸੋਨੀ ਦੀ ਘਰਵਾਲੀ ਸੋਨਾ ਵਾਸੀਆਨ ਰੋਹਟੀ ਛੰਨਾ ਪਾਸੋਂ ਲਿਆ ਕੇ ਪੀਂਦੇ ਹਨ। ਇਹ ਨਸ਼ੇ ਦੇ ਸਮੱਗਲਰ ਇਲਾਕੇ ਦੇ ਵਿਅਕਤੀਆਂ ਨੂੰ ਨਸ਼ਾ ਵੇਚਦੇ ਹਨ। ਐੱਸ. ਐੱਸ. ਪੀ. ਜਸਵੀਰ ਸਿੰਘ ਨੇ ਦੱਸਿਆ ਕਿ ਦੋਵਾਂ ਨੂੰ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ 'ਚ ਭੇਜ ਦਿੱਤਾ ਹੈ ਅਤੇ ਬਾਕੀਆਂ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇਗਾ। ਉਨ੍ਹਾਂ ਅਪੀਲ ਕੀਤੀ ਕਿ ਇਲਾਕੇ 'ਚ ਜੇਕਰ ਕੋਈ ਨਸ਼ਾ ਵੇਚਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿਓ। ਉਸ ਦੀ ਪਛਾਣ ਗੁਪਤ ਰੱਖੀ ਜਾਵੇਗੀ।

11 ਸਾਲ ਦੀ ਉਮਰ 'ਚ ਭੂਆ ਨੇ ਵੇਚਿਆ, 14 ਸਾਲ ਦੀ ਉਮਰ 'ਚ ਬਣੀ 2 ਬੱਚਿਆਂ ਦੀ ਮਾਂ

ਜੈਪੁਰ 20 ਜੁਲਾਈ। ਰਾਜਸਥਾਨ ਪੁਲਸ ਨੇ ਇਕ ਨਾਬਾਲਗ ਕੁੜੀ ਨੂੰ ਖਰੀਦਣ-ਵੇਚਣ ਦੇ ਮਾਮਲੇ 'ਚ ਹਰਿਆਣਾ ਤੋਂ 2 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਅਨੁਸਾਰ, ਨਾਬਾਲਗ ਜਦੋਂ 11 ਸਾਲ ਦੀ ਸੀ ਤਾਂ ਉਸ ਨੂੰ 2 ਲੱਖ ਰੁਪਏ 'ਚ ਵੇਚ ਦਿੱਤਾ ਗਿਆ। ਕੁੜੀ 14 ਸਾਲ ਦੀ ਉਮਰ 'ਚ 2 ਬੱਚਿਆਂ ਦੀ ਮਾਂ ਬਣ ਚੁੱਕੀ ਹੈ। ਮੁਰਲੀਪੁਰਾ ਦੇ ਥਾਣਾ ਅਧਿਕਾਰੀ ਸੁਨੀਲ ਕੁਮਾਰ ਨੇ ਦੱਸਿਆ ਕਿ ਕੁੜੀ ਨੂੰ ਖਰੀਦਣ ਦੇ ਦੋਸ਼ੀ ਸੰਦੀਪ ਯਾਦਵ ਅਤੇ ਸਤਵੀਰ ਯਾਦਵ ਨੂੰ ਹਰਿਆਣਾ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਕੁੜੀ ਨੂੰ ਵੇਚਣ ਵਾਲੀ ਉਸ ਦੀ ਭੂਆ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੀੜਤਾ ਕਿਸੇ ਤਰ੍ਹਾਂ ਦੌੜਨ 'ਚ ਸਫਲ ਰਹੀ ਅਤੇ 16 ਜੁਲਾਈ ਨੂੰ ਸ਼ਿਕਾਇਤ ਦਰਜ ਕਰਵਾਈ। ਦੋਸ਼ੀਆਂ ਖਿ?ਲਾਫ ਸੰਬੰਧਤ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਦੋਸ਼ੀ ਨੇ ਗਲਤ ਜਾਣਕਾਰੀ ਦੇ ਕੇ ਨਾਬਾਲਗ ਕੁੜੀ ਦਾ ਆਧਾਰ ਕਾਰਡ ਬਣਵਾ ਲਿਆ। ਕੁੜੀ ਦੇ ਮਾਤਾ-ਪਿਤਾ ਇੱਥੇ ਮੁਰਲੀਪੁਰਾ ਇਲਾਕੇ 'ਚ ਰਹਿੰਦੇ ਸਨ ਪਰ ਉਨ੍ਹਾਂ ਦਰਮਿਆਨ ਵਿਵਾਦ ਤੋਂ ਬਾਅਦ ਉਹ ਵੱਖ ਰਹਿਣ ਲੱਗੇ। ਉਨ੍ਹਾਂ ਨੇ ਕੁੜੀ ਨੂੰ ਨੀਮਰਾਣਾ 'ਚ ਰਹਿਣ ਵਾਲੀ ਉਸ ਦੀ ਭੂਆ ਨੂੰ ਸੌਂਪ ਦਿੱਤਾ। ਭੂਆ ਨੇ ਉਸ ਦੀ ਦੇਖਭਾਲ ਕਰਨ ਦੀ ਬਜਾਏ ਉਸ ਨੂੰ ਹਰਿਆਣਾ ਦੇ ਇਕ ਪਰਿਵਾਰ ਨੂੰ 2 ਲੱਖ ਰੁਪਏ 'ਚ ਵੇਚ ਦਿੱਤਾ। ਪੀੜਤਾ 12 ਅਤੇ 14 ਸਾਲ ਦੀ ਉਮਰ 'ਚ 2 ਬੱਚਿਆਂ ਦੀ ਮਾਂ ਬਣ ਗਈ।

ਪੁੱਤ ਦੀ ਭਾਲ 'ਚ ਰਿਸ਼ਤੇਦਾਰ ਦੇ ਘਰ ਪਹੁੰਚਿਆ ਪਰਿਵਾਰ, ਜਦੋਂ ਅੰਦਰ ਗਏ ਤਾਂ ਪੈਰਾਂ ਹੇਠੋਂ ਖਿਸਕੀ ਜਮੀਨ

ਭਵਾਨੀਗੜ੍ਹ 20 ਜੁਲਾਈ। ਸਥਾਨਕ ਸ਼ਹਿਰ ਦੀ ਰਾਮਪੁਰਾ ਰੋਡ 'ਤੇ ਸਥਿਤ ਇਕ ਘਰ 'ਚ ਦੋ ਨੌਜਵਾਨਾਂ ਦੀਆਂ ਸ਼ੱਕੀ ਹਾਲਾਤ 'ਚ ਲਾਸ਼ਾਂ ਮਿਲਣ ਕਾਰਣ ਇਲਾਕੇ 'ਚ ਸਨਸਨੀ ਫੈਲ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਰਾਮਪੁਰਾ ਰੋਡ ਸਥਿਤ ਇਕ ਘਰ ਵਿਚ ਅੱਜ ਦੋ ਨੌਜਵਾਨਾਂ ਰਣਜੀਤ ਸਿੰਘ ਤੇ ਬਨੀ ਸਿੰਘ ਦੀਆਂ ਸ਼ੱਕੀ ਹਾਲਾਤ 'ਚ ਲਾਸ਼ਾਂ ਪਈਆਂ ਮਿਲੀਆਂ ਜਿਨ੍ਹਾਂ 'ਚੋਂ ਇਕ ਨੌਜਵਾਨ ਦੇ ਹੱਥ 'ਚ ਇਕ ਸਰਿੰਜ ਫੜ੍ਹੀ ਹੋਈ ਸੀ। ਇਸ ਤੋਂ ਕਥਿਤ ਤੌਰ 'ਤੇ ਇਹ ਅਦਾਜਾ ਲਗਾਇਆ ਜਾ ਰਿਹਾ ਹੈ ਕਿ ਨਸ਼ੇ ਦੀ ਓਵਰਡੋਜ਼ ਕਾਰਨ ਹੀ ਦੋਵਾਂ ਨੌਜਵਾਨਾਂ ਦੀ ਮੌਤ ਹੋਈ ਹੈ। ਮੌਕੇ 'ਤੇ ਮੌਜੂਦ ਬੰਨੀ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਹ ਉਨ੍ਹਾਂ ਦੇ ਰਿਸ਼ਤੇਦਾਰ ਰਣਜੀਤ ਸਿੰਘ ਦਾ ਮਕਾਨ ਹੈ ਤੇ ਉਹ ਇਥੇ ਇਕੱਲਾ ਹੀ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਰਣਜੀਤ ਸਿੰਘ ਮਾਤਾ-ਪਿਤਾ ਤੇ ਭਰਾ ਦੀ ਮੌਤ ਹੋ ਜਾਣ ਤੋਂ ਬਾਅਦ ਉਹ ਘਰ 'ਚ ਇਕੱਲਾ ਹੀ ਰਹਿੰਦਾ ਸੀ ਜਿਸ ਕਾਰਨ ਉਹ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਵੀ ਰਹਿੰਦਾ ਸੀ। ਉਨ੍ਹਾਂ

ਦੱਸਿਆ ਕਿ ਉਨ੍ਹਾਂ ਦਾ ਲੜਕਾ ਬੰਨੀ ਇਸੇ ਕਾਰਨ ਇੱਥੇ ਆ ਕੇ ਰਾਤ ਨੂੰ ਉਸ ਕੋਲ ਸੌ ਜਾਂਦਾ ਸੀ ਪਰ ਅੱਜ ਸਵੇਰੇ ਜਦੋਂ ਉਨ੍ਹਾਂ ਦਾ ਲੜਕਾ ਘਰ ਵਾ

ਜਿੱਥੇ ਹੋਵੇ ਪਿਆਰ ਨਾ ਕਰੀਏ ਵਪਾਰ

ਹਰ ਮਾਤਾ-ਪਿਤਾ ਦਾ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਉੱਚ-ਸਿੱਖਿਆ ਪ੍ਰਾਪਤ ਕਰੇ ਪਰ ਮਹਿੰਗਾਈ ਦੇ ਇਸ ਦੌਰ 'ਚ ਜ਼ਿਆਦਾ ਫ਼ੀਸ ਦੇਣਾ ਆਸਾਨ ਨਹੀਂ ਹੁੰਦਾ...

ਐਜੂਕੇਸ਼ਨ ਲੋਨ ਸਬੰਧੀ ਨੁਕਤੇ

ਜੋ ਵਿਦਿਆਰਥੀ ਉੱਚ-ਸਿੱਖਿਆ ਚਾਹੁੰਦੇ ਹਨ ਉਨ੍ਹਾਂ ਲਈ ਐਜੂਕੇਸ਼ਨ ਲੋਨ ਬਹੁਤ ਮਦਦਗਾਰ ਹੁੰਦਾ ਹੈ। ਸਿੱਖਿਆ ਦਾ ਖ਼ਰਚ ਚੁਕਾਉਣ ਦਾ ਇਹ ਸਭ ਤੋਂ ਪ੍ਰਭਾਵੀ ਤਰੀਕਾ ਹੈ। ਬੈਂਕ ਅਤੇ ਐੱਨਬੀਐੱਫਸੀ ਅਜਿਹੇ ਕਰਜ਼ ਵਿਦਿਆਰਥੀਆਂ ਨੂੰ ਦਿੰਦੇ ਹਨ। ਮੌਜੂਦਾ ਸਮੇਂ 'ਚ ਐਜੂਕੇਸ਼ਨ ਕਰਜ਼ ਆਸਾਨੀ ਨਾਲ ਉਪਲਬਧ ਹੈ। ਇਸ 'ਚ ਵਿਦਿਆਰਥੀਆਂ ਦਾ ਪੁਰਾਣਾ ਸਿੱਖਿਅਕ ਰਿਕਾਰਡ, ਕੋਰਸ, ਕਾਲਜ, ਐਂਟਰੇਂਸ ਐਗਜ਼ਾਮ ਸਕੋਰ, ਕੋ-ਐਪਲੀਕੈਂਟ ਅਤੇ ਸਿਬਿਲ ਸਕੋਰ 'ਤੇ ਧਿਆਨ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀ ਜੋ ਐਜੂਕੇਸ਼ਨ ਲੋਨ ਲੈਣਾ ਚਾਹੁੰਦੇ ਹਨ ਜਾਂ ਲੈ ਚੁੱਕੇ ਹਨ ਉਨ੍ਹਾਂ ਨੂੰ ਇਸ ਦਾ ਧਿਆਨ ਰੱਖਣਾ ਚਾਹੀਦਾ ਹੈ।

ਫਾਈਨਾਂਸ਼ੀਅਲ ਪਲਾਨਿੰਗ

ਅਨੁਸ਼ਾਸ਼ਿਤ ਫਾਈਨਾਂਸ਼ੀਅਲ ਪਲਾਨਿੰਗ ਸਭ ਤੋਂ ਸਹੀ ਨਤੀਜਾ ਹੈ। ਜੇ ਤੁਸੀ ਕਰਜ਼ਾ ਲਿਆ ਹੈ ਤਾਂ ਤੁਹਾਨੂੰ ਇਸ ਦਾ ਰੀਪੇਮੈਂਟ ਜਾਂ ਪ੍ਰੀਪੇਮੈਂਟ ਤੁਹਾਡੇ ਪਹਿਲ ਹੋਣੀ ਚਾਹੀਦੀ ਹੈ। ਇਸ ਨਾਲ ਤੁਹਾਡੇ ਕਰਜ਼ ਦਾ ਸਮਾਂ ਘਟੇਗਾ। ਵਿਦਿਆਰਥੀਆਂ ਨੂੰ ਦੂਜੇ ਤਰੀਕਿਆਂ ਨਾਲ ਪੈਸੇ ਦੀ ਬਚਤ ਕਰਨੀ ਚਾਹੀਦੀ ਹੈ ਅਤੇ ਸਾਲ ਦੇ ਆਖ਼ਰ 'ਚ ਇਸ ਫੰਡ ਤੋਂ ਆਪਣੀ ਫ਼ੀਸ ਚੁਕਾਉਣੀ ਚਾਹੀਦੀ ਹੈ।

ਕਰਜ਼ ਦੀ ਪ੍ਰੀਪੇਮੈਂਟ

ਆਮਤੌਰ 'ਤੇ ਕਰਜ਼ ਚੁਕਾਉਣ ਲਈ 10 ਸਾਲ ਦਾ ਸਮਾਂ ਮਿਲਦਾ ਹੈ। ਜੇ ਵਿਦਿਆਰਥੀ ਦੀ ਚੰਗੀ ਤਨਖ਼ਾਹ ਹੈ ਤਾਂ ਇਸ ਕਰਜ਼ ਨੂੰ ਸਮੇਂ 'ਤੇ ਅਦਾ ਕੀਤਾ ਜਾ ਸਕਦਾ ਹੈ।

ਵਿਆਜ ਦੀ ਰੀਪੇਮੈਂਟ

ਜਲਦੀ ਸ਼ੁਰੂਆਤ ਕਰਨਾ ਹਮੇਸ਼ਾ ਚੰਗਾ ਰਹਿੰਦਾ ਹੈ। ਐਜੂਕੇਸ਼ਨ ਲੋਨ ਕੁਝ ਗਿਰਵੀ ਰੱਖ ਕੇ ਜਾਂ ਬਿਨਾਂ ਗਿਰਵੀ ਰੱਖੇ ਵੀ ਲਿਆ ਜਾ ਸਕਦਾ ਹੈ। ਜੇ ਵਿਦਿਆਰਥੀ ਕਰਜ਼ ਲੈਣ ਲਈ ਕੁਝ ਗਿਰਵੀ ਰੱਖਦੇ ਹਨ ਤਾਂ ਉਨ੍ਹਾਂ ਨੂੰ ਘੱਟ ਵਿਆਜ ਦਰ 'ਤੇ ਕਰਜ਼ ਮਿਲਦਾ ਹੈ। ਵਿਦਿਆਰਥੀ ਜੇ ਪੜ੍ਹ ਰਹੇ ਹੋਣ ਤਾਂ ਉਹ ਕੋਈ ਪਾਰਟੀ ਟਾਈਮ ਨੌਕਰੀ ਕਰ ਕੇ ਆਪਣੇ ਕਰਜ਼ ਨੂੰ ਅਦਾ ਕਰ ਸਕਦੇ ਹਨ। ਲੋਨ 'ਤੇ ਵਿਆਜ ਸਾਧਾਰਨ ਤਰੀਕਿਆਂ ਨਾਲ ਹੀ ਜੋੜਿਆ ਜਾਂਦਾ ਹੈ, ਜਿਸ ਨਾਲ ਰਿਪੋਰਟ ਦੀ ਰਕਮ ਘੱਟ ਜਾਂਦੀ ਹੈ।

ਸਮੇਂ ਤੋਂ ਪਹਿਲਾਂ ਕਰਜ਼ ਚੁਕਾਉਣਾ ਚਾਹੀਦੈ

ਐਜੂਕੇਸ਼ਨ ਲੋਨ 'ਤੇ ਵਿਆਜ ਦੀ ਦਰ ਫਿਲਹਾਲ 12-14 ਫ਼ੀਸਦੀ ਹੈ। ਜੇ ਵਿਦਿਆਰਥੀ ਆਪਣੀ ਤਨਖ਼ਾਹ 'ਚੋਂ ਅੱਧੀ ਰਕਮ ਤੋਂ ਕਰਜ਼ ਚੁਕਾਉਂਦਾ ਹੈ ਤਾਂ ਕਿਸ਼ਤਾਂ ਜਲਦੀ ਖ਼ਤਮ ਹੋ ਜਾਣਗੀਆਂ। ਜੇ ਕੰਪਨੀ ਬੋਨਸ ਦਿੰਦੀ ਹੈ ਤਾਂ ਇਸ ਜ਼ਰੀਏ ਵੀ ਕਰਜ਼ ਦਾ ਪ੍ਰੀਪੇਮੈਂਟ ਕੀਤਾ ਜਾ ਸਕਦਾ ਹੈ। ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਸਿਰਫ਼ ਕਰਜ਼ ਚੁਕਾਉਣਾ ਹੀ ਪਹਿਲ ਨਹੀ ਹੋਣੀ ਚਾਹੀਦੀ। ਵਿਦਿਆਰਥੀ ਅਤੇ ਨੌਜਵਾਨ ਨੌਕਰੀਪੇਸ਼ਾ ਲੋਕਾਂ ਨੂੰ ਆਪਣੇ ਉਦੇਸ਼ ਪ੍ਰਾਪਤ ਕਰਨ ਲਈ ਦੂਜੀਆਂ ਜਗ੍ਹਾਵਾਂ ਵੀ ਨਿਵੇਸ਼ ਕਰਨਾ ਚਾਹੀਦਾ ਹੈ। ਜਿਨ੍ਹਾਂ ਦਾ ਅਜੇ ਵਿਆਹ ਨਹੀ ਹੋਇਆ, ਉਹ ਘੱਟ ਖ਼ਰਚ 'ਚ ਕੰਮ ਚਲਾ ਸਕਦੇ ਹਨ। ਇਸ ਲਈ ਬਚਤ ਸ਼ੁਰੂ ਕਰ ਕੇ ਜਿੰਨੀ ਜਲਦੀ ਨਿਵੇਸ਼ ਕਰੋਗੇ ਉਨੀ ਜਲਦੀ ਆਪਣੇ ਉਦੇਸ਼ ਦੇ ਨੇੜੇ ਪਹੁੰਚੋਗੇ।•

ਕੀ ਜੀਵਨਸਾਥੀ ਦਾ ਕ੍ਰੈਡਿਟ ਸਕੋਰ ਵੀ ਪਾਉਂਦਾ ਹੈ ਅਸਰ?

ਕ੍ਰੈਡਿਟ ਸਕੋਰ ਜ਼ਰੀਏ ਕਿਸੇ ਵਿਅਕਤੀ ਦੀ ਕਰਜ਼ ਅਦਾ ਕਰਨ ਦੀ ਸਮਰੱਥਾ ਅਤੇ ਉਸ ਦੀ ਵਿੱਤੀ ਵਿਵਹਾਰ ਦਾ ਪਤਾ ਲਗਦਾ ਹੈ। ਇਹ ਗਾਹਕ ਦੇ ਪੁਰਾਣੇ ਕ੍ਰੈਡਿਟ ਇਤਿਹਾਸ 'ਤੇ ਆਧਾਰਿਤ ਹੁੰਦਾ ਹੈ। ਜਿਨ੍ਹਾਂ ਲੋਕਾਂ ਦਾ ਇਹ ਸਕੋਰ ਘੱਟ ਹੁੰਦਾ ਹੈ ਉਸ ਦਾ ਮਤਲਬ ਹੈ ਕਿ ਉਹ ਸਮੇਂ 'ਤੇ ਆਪਣੇ ਕਰਜ਼ ਅਤੇ ਕ੍ਰੈਡਿਟ ਕਾਰਡ ਦੇ ਬਿੱਲ ਨਹੀ ਚੁਕਾਉਂਦੇ। ਜੇ ਤੁਹਾਡੇ ਜੀਵਨਸਾਥੀ ਨੇ ਅਜਿਹਾ ਕੁਝ ਕੀਤਾ ਹੈ ਤਾਂ ਉਸ ਦਾ ਸਕੋਰ ਵੀ ਘੱਟ ਹੋਵੇਗਾ।

ਅਸਰ

ਪਹਿਲਾਂ ਤੁਹਾਡੇ ਕ੍ਰੈਡਿਟ ਸਕੋਰ 'ਤੇ ਕੀ ਅਸਰ ਹੋਵੇਗਾ, ਇਸ ਦੀ ਚਰਚਾ ਕਰਦੇ ਹਾਂ। ਜੇ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਕੋਈ ਕਰਜ਼ ਸੰਯੁਕਤ ਤੌਰ 'ਤੇ ਨਹੀ ਲਿਆ ਹੈ ਤਾਂ ਤੁਹਾਡੇ ਸਕੋਰ 'ਤੇ ਕੋਈ ਅਸਰ ਨਹੀ ਹੁੰਦਾ। ਵਿਆਹ ਤੋਂ ਬਾਅਦ ਜੇ ਨਾਂ ਬਦਲਿਆ ਹੈ ਜਾਂ ਕੋਈ ਦੂਜੀ ਵਿੱਤੀ ਜਾਣਕਾਰੀ ਅਪਡੇਟ ਕੀਤੀ ਹੈ ਤਾਂ ਵੀ ਕ੍ਰੈਡਿਟ ਸਕੋਰ 'ਤੇ ਕੋਈ ਅਸਰ ਨਹੀ ਹੋਵੇਗਾ। ਜੇ ਤੁਸੀ ਨਾਲ ਹੀ ਕੋਈ ਕਰਜ਼ ਲਿਆ ਹੈ ਜਾਂ ਇਕ ਦੂਜੇ ਦੇ ਗਾਰੰਟਰ ਬਣੇ ਹੋ ਤਾਂ ਤੁਹਾਡੇ ਦੋਵਾਂ ਦੇ ਸਕੋਰ 'ਤੇ ਅਸਰ ਪਵੇਗਾ। ਕਰਜ਼ ਸਮੇਂ 'ਤੇ ਨਾ ਅਦਾ ਕਰਨ 'ਤੇ ਤੁਹਾਡੇ ਪਾਰਟਨਰ ਦੇ ਸਕੋਰ 'ਤੇ ਅਸਰ ਪਵੇਗਾ। ਜੇ ਤੁਹਾਡੇ ਜੀਵਨਸਾਥੀ ਕੋਲ ਤੁਹਾਡੇ ਅਕਾਊਂਟ ਦਾ ਐਡ-ਆਨ ਕ੍ਰੈਡਿਟ ਕਾਰਡ ਹੈ ਤਾਂ ਤੁਹਾਨੂੰ ਧਿਆਨ ਰੱਖਣਾ ਹੈ ਕਿ ਬਿੱਲ ਸਮੇਂ 'ਤੇ ਅਦਾ ਕੀਤਾ ਜਾਵੇ। ਨਹੀ ਤਾਂ ਤੁਹਾਡਾ ਕ੍ਰੈਡਿਟ ਸਕੋਰ ਪ੍ਰਭਾਵਿਤ ਹੋਵੇਗਾ।

ਕੀ ਕਰੀਏ?

ਮੰਨ ਲਓ ਤੁਹਾਡੇ ਕੋਲ ਤੁਹਾਡੇ ਜੀਵਨਸਾਥੀ ਦੇ ਕਰਜ਼ ਅਤੇ ਕ੍ਰੈਡਿਟ ਸਕੋਰ ਦਾ ਤੁਹਾਡੇ 'ਤੇ ਅਸਰ ਹੋ ਰਿਹਾ ਹੈ। ਇਸ ਲਈ ਤੁਹਾਨੂੰ ਉਸ ਦੇ ਕ੍ਰੈਡਿਟ ਸਕੋਰ ਨੂੰ ਸੁਧਾਰਨ ਦੇ ਤਰੀਕੇ ਲੱਭਣੇ ਹੋਣਗੇ। ਕ੍ਰੈਡਿਟ ਰੇਟਿੰਗ ਏਜੰਸੀਆਂ ਨੂੰ ਗਾਹਕ ਨੂੰ ਇਕ ਸਾਲ 'ਚ ਇਕ ਕਾਪੀ ਮੁਫ਼ਤ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਤੁਸੀ ਥਰਡ ਪਾਰਟੀ

ਵੈੱਬਸਾਈਟ ਜ਼ਰੀਏ ਵੀ ਆਪਣੀ ਕ੍ਰੈਡਿਟ ਰਿਪੋਰਟ ਕੱਢ ਸਕਦੇ ਹੋ।

- ਰਿਪੋਰਟ 'ਚ ਕੀ ਪਰੇਸ਼ਾਨੀਆਂ ਹਨ, ਉਨ੍ਹਾਂ ਨੂੰ ਦੇਖੋ, ਜਿਵੇਂ ਗ਼ਲਤ ਜਾਣਕਾਰੀ, ਦੇਰੀ ਨਾਲ ਪੇਮੈਂਟ, ਕ੍ਰੈਡਿਟ ਦੀ ਜ਼ਿਆਦਾ ਵਰਤੋਂ।
- ਜੇ ਤੁਹਾਡਾ ਜੀਵਨਸਾਥੀ ਸਮੇਂ 'ਤੇ ਈਐੱਮਆਈ ਨਹੀ ਅਦਾ ਕਰ ਪਾਇਆ ਤਾਂ ਤੁਹਾਨੂੰ ਵਿੱਤੀ ਪ੍ਰਬੰਧਨ 'ਤੇ ਧਿਆਨ ਦੇਣਾ ਹੋਵੇਗਾ।
- ਕਰਜ਼ ਸਮੇਂ 'ਤੇ ਨਾ ਚੁਕਾਉਣ ਦਾ ਤੁਹਾਡੇ ਭਵਿੱਖ 'ਤੇ ਵੀ ਅਸਰ ਹੋ ਸਕਦਾ ਹੈ।

'ਕ੍ਰੈਡਿਟ ਸਕੋਰ', ਇਹ ਦੋ ਸ਼ਬਦ ਜਦੋਂ ਤੁਸੀਂ ਕਰਜ਼ ਲਈ ਅਰਜ਼ੀ ਦਿੰਦੇ ਹੋ ਤਾਂ ਤੁਹਾਨੂੰ ਸੁਲਨ ਨੂੰ ਆਮ ਹੀ ਮਿਲਦੇ ਹਨ। ਬਹੁਤ ਸਾਰੇ ਲੋਕਾਂ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ। ਚੰਗੇ ਕ੍ਰੈਡਿਟ ਸਕੋਰ ਦੇ ਦਮ 'ਤੇ ਤੁਹਾਨੂੰ ਘੱਟ ਵਿਆਜ 'ਤੇ ਵੀ ਕਰਜ਼ ਮਿਲ ਸਕਦਾ ਹੈ...

- ਜੇ ਕ੍ਰੈਡਿਟ ਕਾਰਡ ਦਾ ਬੇਵਜ੍ਹਾ ਵਰਤੋਂ ਹੋ ਰਹੀ ਹੈ ਤਾਂ ਉਸ 'ਤੇ ਰੋਕ ਲਗਾਓ। ਤੁਹਾਡੇ ਕੁਲ ਖ਼ਰਚ ਦਾ ਕ੍ਰੈਡਿਟ ਕਾਰਡ ਜ਼ਰੀਏ ਸਿਰਫ਼ 20 ਤੋਂ 30 ਫ਼ੀਸਦੀ ਹੀ ਹੋਣਾ ਚਾਹੀਦਾ ਹੈ।
- ਕ੍ਰੈਡਿਟ ਕਾਰਡ ਦਾ ਹਰ ਮਹੀਨੇ ਅਦਾ ਕਰੋ।
- ਜੇ ਕੋਈ ਜਾਣਕਾਰੀ ਗਲਤ ਹੈ ਤਾਂ ਕ੍ਰੈਡਿਟ ਰੇਟਿੰਗ ਏਜੰਸੀਆਂ ਤੋਂ ਠੀਕ ਕਰਵਾਓ।
- ਜੇ ਤੁਸੀ ਇਨ੍ਹਾਂ ਗੱਲਾਂ ਦਾ ਧਿਆਨ ਰੱਖੋਗੇ ਤਾਂ ਤੁਹਾਡਾ ਕ੍ਰੈਡਿਟ ਸਕੋਰ ਵਧੀਆ ਰਹੇਗਾ ਅਤੇ ਕਰਜ਼ ਮਿਲਣ 'ਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀ ਆਵੇਗੀ।•

ਵਰਕਰਾਂ ਦੇ ਹੱਕਾਂ ਦੀ ਰਾਖੀ ਕਰਦੇ ਕਾਨੂੰਨ

ਵਰਕਰਾਂ ਦੀ ਸੁਰੱਖਿਆ ਲਈ ਸਰਕਾਰ ਨੇ ਕਈ ਕਾਨੂੰਨ ਬਣਾਏ ਹਨ, ਇਨ੍ਹਾਂ ਦੀ ਪਾਲਣਾ ਕਰਨਾ ਫੈਕਟਰੀ ਮਾਲਕਾਂ ਲਈ ਜ਼ਰੂਰੀ ਹੈ ਅਤੇ ਵਰਕਰਾਂ ਨੂੰ ਵੀ ਆਪਣੀ ਸੁਰੱਖਿਆ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ....

ਫੈਕਟਰੀ ਐਕਟ 1948

ਫੈਕਟਰੀ ਐਕਟ 1948 ਦਾ ਮਕਸਦ ਫੈਕਟਰੀ ਵਿਚ ਕੰਮ ਕਰਦੇ ਵਰਕਰਾਂ ਦੀ ਸੁਰੱਖਿਆ, ਸਿਹਤ, ਭਲਾਈ, ਕੰਮ ਦੇ ਘੰਟੇ, ਛੁੱਟੀ ਅਤੇ ਹੋਰ ਲਾਭਾਂ ਦੀ ਰੱਖਿਆ ਕਰਨਾ ਹੈ।

ਫੈਕਟਰੀ ਐਕਟ ਹਰ ਉਸ ਜਗ੍ਹਾ 'ਤੇ ਲਾਗੂ ਹੁੰਦਾ ਹੈ ਜਿੱਥੇ 10 ਜਾਂ ਇਸ ਤੋਂ ਵੱਧ ਵਰਕਰ ਕੰਮ ਕਰ ਰਹੇ ਹੋਣ ਅਤੇ ਉਸ ਫੈਕਟਰੀ 'ਚ ਬਿਜਲੀ ਦੀ ਵਰਤੋਂ ਕੀਤੀ ਜਾ ਰਹੀ ਹੋਵੇ ਜਾਂ 20 ਤੋਂ ਵੱਧ ਵਰਕਰ ਬਿਨਾ ਬਿਜਲੀ ਤੋਂ ਫੈਕਟਰੀ ਵਿਚ ਕੰਮ ਕਰ ਰਹੇ ਹੋਣ। ਇਹ ਐਕਟ ਹਰ ਉਸ ਜਗ੍ਹਾ 'ਤੇ ਲਾਗੂ ਹੈ ਜਿੱਥੇ ਕੋਈ ਸਾਮਾਨ ਤਿਆਰ ਹੁੰਦਾ ਹੈ, ਆਲਟਰ ਹੁੰਦਾ ਹੈ, ਰਿਪੇਅਰ ਹੁੰਦਾ ਹੈ, ਪੈਕ ਹੁੰਦਾ ਹੈ, ਤੇਲ ਦਿੱਤਾ ਜਾਂਦਾ ਹੈ, ਧੋਤਾ ਜਾਂਦਾ ਹੈ, ਸਟੋਰ ਹੁੰਦਾ ਹੈ, ਜਿਸ ਦਾ ਮਕਸਦ ਉਸ ਨੂੰ ਵਰਤੋਂ ਯੋਗ ਬਣਾਉਣਾ, ਵੇਚਣਾ ਜਾਂ ਟਰਾਂਸਪੋਰਟ ਕਰਨਾ ਹੈ।

ਫੈਕਟਰੀ ਐਕਟ ਤਹਿਤ ਵਰਕਰ ਕੌਣ ਹੈ?

ਕੋਈ ਵੀ ਵਿਅਕਤੀ ਜਿਸ ਨੂੰ ਮਾਲਕ ਨੇ ਖੁਦ ਰੱਖਿਆ ਹੈ ਜਾਂ ਠੇਕੇਦਾਰ ਦੁਆਰਾ ਰੱਖਿਆ ਉਹ ਫੈਕਟਰੀ ਐਕਟ ਤਹਿਤ ਵਰਕਰ ਹੈ। ਫੈਕਟਰੀ 'ਚ ਫੈਕਟਰੀ ਨੂੰ ਮਸ਼ੀਨ 'ਤੇ ਕੰਮ ਕਰਨ ਲਈ ਰੱਖਿਆ ਹੋਵੇ ਜਾਂ ਸਫ਼ਾਈ ਕਰਨ ਲਈ ਰੱਖਿਆ ਹੋਵੇ ਜਾਂ ਕਿਸੇ ਵੀ ਹੋਰ ਕੰਮ ਲਈ ਰੱਖਿਆ ਹੋਵੇ, ਉਸ ਨੂੰ ਵਰਕਰ ਮੰਨਿਆ ਜਾਵੇਗਾ। ਚਾਹੇ ਵਰਕਰ ਠੇਕੇਦਾਰ ਦੁਆਰਾ ਦਿਹਾੜੀ 'ਤੇ ਰੱਖਿਆ ਹੈ ਪਰ ਜ਼ਿੰਮੇਵਾਰੀ ਫੈਕਟਰੀ ਦੀ ਹੈ ਕਿਉਂਕਿ ਉਹ ਉਸ ਦੀ ਫੈਕਟਰੀ ਅੰਦਰ ਜਾਂ ਫੈਕਟਰੀ ਨਾਲ ਸਬੰਧਤ ਕੰਮ ਰਿਹਾ ਹੈ।

ਸਿਹਤ ਸਬੰਧੀ ਹਿੱਤਾਂ ਦੀ ਰੱਖਿਆ

- ਫੈਕਟਰੀ ਵਿਚ ਕੰਮ ਕਰਨ ਵਾਲੇ ਸਥਾਨ 'ਤੇ ਸਾਫ਼-ਸਫ਼ਾਈ ਹੋਣੀ ਚਾਹੀਦੀ ਹੈ ਕਿਸੇ ਪ੍ਰਕਾਰ ਦਾ ਮਸ਼ੀਨਾਂ ਵਿੱਚੋਂ ਨਿਕਲਦਾ ਧੂੰਆਂ ਜਾਂ ਜ਼ਹਿਰੀਲਾ ਕੈਮੀਕਲ ਵਰਕਰ ਦੇ ਸਿੱਧੇ ਸੰਪਰਕ ਵਿਚ ਨਹੀ ਆਉਣਾ ਚਾਹੀਦਾ।
- ਕੰਮਕਾਜੀ ਵਾਲੀ ਜਗ੍ਹਾ 'ਤੇ ਪ੍ਰਦੂਸ਼ਣ ਜਾਂ ਦੁਰਗੰਧ ਦੀ ਘੁਟਣ ਨਹੀ ਹੋਣੀ ਚਾਹੀਦੀ ਅਤੇ ਤਾਪਮਾਨ ਵੀ ਨਿਯੰਤਰਣ ਵਿਚ ਹੋਣਾ ਚਾਹੀਦਾ ਹੈ।
- ਫੈਕਟਰੀ ਵਿਚ ਜਿੱਥੇ ਵਰਕਰ ਕੰਮ ਕਰਦੇ ਹਨ, ਉਸ ਸਥਾਨ 'ਤੇ ਲਾਈਟ ਅਤੇ ਵੈਂਟੀਲੇਸ਼ਨ ਹੋਣੀ ਚਾਹੀਦੀ ਹੈ।
- ਵਰਕਰ ਦੇ ਕੰਮ ਵਾਲੀ ਜਗ੍ਹਾ 'ਤੇ ਹਰ ਸਮੇਂ ਪੀਣ ਵਾਲੇ ਸਾਫ਼ ਪਾਣੀ ਦੀ ਵਿਵਸਥਾ ਹੋਣੀ ਚਾਹੀਦੀ ਹੈ।
- ਔਰਤਾਂ ਅਤੇ ਮਰਦਾਂ ਵਾਸਤੇ ਵੱਖ ਬਾਥਰੂਮ ਹੋਣੇ ਚਾਹੀਦੇ ਹਨ।

ਸਮਾਜ ਭਲਾਈ

- ਵਰਕਰ ਦੇ ਗੰਦੇ ਕੱਪੜੇ ਨੂੰ ਧੋਣ ਲਈ ਵੱਖ ਪ੍ਰਬੰਧ ਫੈਕਟਰੀ ਵਿਚ ਹੋਣੇ ਚਾਹੀਦੇ ਹਨ, ਸਾਫ਼ ਕੱਪੜਿਆਂ ਨੂੰ ਸਟੋਰ ਕਰਨ ਲਈ ਕਪਬੋਰਡ ਜਾਂ ਅਲਮਾਰੀ ਦਾ ਪ੍ਰਬੰਧ ਵੀ ਫੈਕਟਰੀ 'ਚ ਹੋਣਾ ਚਾਹੀਦਾ ਹੈ।
- ਵਰਕਰ ਜੇ ਲਗਾਤਾਰ ਖੜ੍ਹਾ ਹੋ ਕੇ ਕੰਮ ਕਰ ਰਿਹਾ ਹੈ ਤਾਂ ਉਸ ਕੋਲ ਬੈਠਣ ਲਈ ਕੁਰਸੀ ਜਾਂ ਸੀਟ ਦੀ ਵਿਵਸਥਾ ਹੋਣੀ ਚਾਹੀਦੀ ਹੈ।

ਸੁਰੱਖਿਆ

- ਮਸ਼ੀਨਰੀ ਆਦਿ ਨੂੰ ਧਿਆਨ 'ਚ ਰੱਖ ਕੇ ਉਸ ਦੀ ਸਾਂਭ-ਸੰਭਾਲ ਅਤੇ ਵਧੀਆ ਸਾਧਨ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ।
- ਰੂੰ ਪੇਜੇ ਕੋਲ ਔਰਤਾਂ ਅਤੇ ਬੱਚਿਆਂ ਦੀ ਨਿਯੁਕਤੀ ਨਹੀ ਹੋਣੀ ਚਾਹੀਦੀ।
- ਵਰਕਰਾਂ ਦੁਆਰਾ ਚਲਾਈ ਮਸ਼ੀਨ ਦੀ ਰਿਪੇਅਰ ਲਈ ਜ਼ਖ਼ਤ ਰੋਕ ਹੋਣੀ ਚਾਹੀਦੀ ਹੈ।
- ਫੈਕਟਰੀ ਦੇ ਫ਼ਰਸ਼ 'ਤੇ ਟੋਏ, ਟੁੱਟੀਆਂ ਪੌੜੀਆਂ ਅਤੇ ਤੰਗ ਗਲਿਆਰੇ ਨਹੀ ਹੋਣੇ ਚਾਹੀਦੇ।
- ਕਿਸੇ ਵਰਕਰ ਨੂੰ ਲੋੜ ਤੋਂ ਵੱਧ ਭਾਰ ਚੁੱਕਣ ਲਈ ਮਜਬੂਰ ਨਹੀ ਕੀਤਾ ਜਾ ਸਕਦਾ।
- ਮਾਲਕ ਦੀ ਜ਼ਿੰਮੇਵਾਰੀ ਹੈ ਕਿ ਉਹ ਤੇਜ਼ ਅੱਗ, ਅੱਗ ਬੁਝਾਉਣ ਵਾਲੀ ਧੂੜ, ਗੈਸ ਅਤੇ ਹੋਰ ਖ਼ਤਰਨਾਕ ਪਦਾਰਥਾਂ ਤੋਂ ਵਰਕਰ ਦੀ ਸੁਰੱਖਿਆ ਰੱਖੇ।
- ਜਿੱਥੇ 1000 ਤੋਂ ਵੱਧ ਵਰਕਰ ਕੰਮ ਕਰਦੇ ਹੋ, ਉਸ ਫੈਕਟਰੀ ਵਿਚ ਸੇਫ਼ਟੀ ਅਫ਼ਸਰ ਦੀ ਨਿਯੁਕਤੀ ਦਿੱਤੀ ਗਈ ਹੋਣੀ ਚਾਹੀਦੀ ਹੈ।
- ਜਿਸ ਫੈਕਟਰੀ ਵਿਚ 150 ਤੋਂ ਵੱਧ ਕਰਮਚਾਰੀ ਕੰਮ ਕਰਦੇ ਹੋਣ, ਉੱਥੇ ਮੁੱਢਲੀ ਸਹਾਇਤਾ ਡੱਬੇ ਲੱਗੇ ਹੋਣੇ ਚਾਹੀਦੇ ਹਨ ਤੇ ਇਹ ਕਿਸੇ ਕਾਬਿਲ ਅਫ਼ਸਰ ਦੀ ਨਿਗਰਾਨੀ ਹੇਠ ਹੋਣੇ ਚਾਹੀਦੇ ਹਨ। ਜਿੱਥੇ 500 ਤੇ ਵੱਧ ਵਰਕਰ ਕੰਮ ਕਰਦੇ ਹੋਣ, ਉੱਥੇ ਫੈਕਟਰੀ 'ਚ ਐਂਬੂਲੈਂਸ ਦੀ ਵਿਵਸਥਾ ਹੋਣੀ ਚਾਹੀਦੀ ਹੈ।
- ਜਿੱਥੇ 250 ਤਕ ਸਟਾਫ਼ ਹੈ, ਉੱਥੇ ਵਰਕਰਾਂ ਲਈ ਕੈਂਟੀਨ ਦੀ ਵਿਵਸਥਾ ਹੋਣੀ ਚਾਹੀਦੀ ਹੈ। ਅਤੇ ਕੰਟੀਨ ਸਸਤੇ ਭੋਜਨ ਦੀ ਵਿਵਸਥਾ ਆਧਾਰਿਤ ਹੋਣੀ ਚਾਹੀਦੀ ਹੈ। ਵਰਕਰਾਂ ਕੋਲ ਲੰਚ ਵਿਚ ਆਰਾਮ ਕਰਨ ਦੀ ਵੀ ਸਹੂਲਤ ਹੋਣੀ ਚਾਹੀਦੀ ਹੈ।
- ਜਿਸ ਫੈਕਟਰੀ 'ਚ 30 ਤੋਂ ਵੱਧ ਔਰਤਾਂ ਕੰਮ ਕਰਦੀਆਂ ਹੋਣ ਉੱਥੇ ਆਂਗਣਵਾੜੀ ਦੀ ਵਿਵਸਥਾ ਵਿਚ ਆਰਾਮ ਕਰਨ ਦੀ ਸਹੂਲਤ ਹੋਣੀ ਚਾਹੀਦੀ ਹੈ।
- ਵਰਕਰ ਨੂੰ ਹਫ਼ਤੇ 'ਚ 48 ਘੰਟੇ ਤੋਂ ਵੱਧ ਕੰਮ ਕਰਨ ਲਈ ਮਜਬੂਰ ਨਹੀ ਕੀਤਾ ਜਾ ਸਕਦਾ। ਜੇ ਉਸ ਤੋਂ ਛੁੱਟੀ ਵਾਲੇ ਦਿਨ ਵੀ ਕੰਮ ਲਿਆ ਗਿਆ ਹੈ ਤਾਂ ਉਸ ਨੂੰ ਅਗਲੇ ਹਫ਼ਤੇ ਦੇ ਅੰਦਰ-ਅੰਦਰ ਮੁਆਵਜ਼ਾ ਛੁੱਟੀ ਫੈਕਟਰੀ ਪ੍ਰਬੰਧਨ ਵੱਲੋਂ ਦਿੱਤੀ ਜਾਣੀ ਚਾਹੀਦੀ ਹੈ।
- ਕੰਮ ਕਰਨ ਦੇ ਕੁਲ ਘੰਟੇ ਇਕ ਦਿਨ 'ਚ 10-1/2 ਘੰਟੇ ਤੋਂ ਵੱਧ ਕੰਮ ਨਹੀ ਹੋਣਾ ਚਾਹੀਦਾ।
- ਜੇ ਵਰਕਰ ਨੇ ਓਵਰ ਟਾਈਮ ਲਗਾਇਆ ਹੈ ਤਾਂ ਹਰ ਕੀਤੇ ਗਏ ਵਾਧੂ ਘੰਟੇ ਦੀ ਦਿਹਾੜੀ ਡਬਲ ਓਵਰ ਟਾਈਮ ਦੇ ਰੂਪ 'ਚ ਵਰਕਰ ਨੂੰ ਦਿੱਤੀ ਜਾਣੀ ਚਾਹੀਦੀ ਹੈ।
- ਔਰਤਾਂ ਅਤੇ ਬੱਚਿਆਂ ਤੋਂ ਸਵੇਰੇ ਛੇ ਵਜੇ ਤੋਂ ਪਹਿਲਾਂ ਅਤ

ਜ਼ਿਲ੍ਹੇ 'ਚ ਸੀਵਰੇਜ ਤੇ ਜਲ ਸਪਲਾਈ ਪਾਈਪ ਲਾਈਨਾਂ ਦੀ ਲੋੜੀਂਦੀ ਮੁਰੰਮਤ ਯਕੀਨੀ ਬਣਾਉਣ ਦੇ ਨਿਰਦੇਸ਼

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਜਲੰਧਰ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਸਮੇਤ ਹੋਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ।

ਜਲੰਧਰ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਅਹਿਮ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜਲੰਧਰ ਨਗਰ ਨਿਗਮ ਨੂੰ ਸ਼ਹਿਰ ਭਰ ਵਿੱਚ ਜਲ ਸਪਲਾਈ ਅਤੇ ਸੀਵਰੇਜ ਦੀਆਂ ਪਾਈਪਾਂ ਦੀ ਮੁਰੰਮਤ ਕਰਵਾਉਣ ਲਈ ਕਿਹਾ। ਜਲੰਧਰ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਸਮੇਤ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਾ. ਅਗਰਵਾਲ ਨੇ ਸੀਵਰੇਜ ਅਤੇ ਜਲ ਸਪਲਾਈ ਪਾਈਪ ਲਾਈਨਾਂ ਵਿੱਚ ਲੀਕੇਜ ਦੀ ਜਾਂਚ ਦੀ ਮਹੱਤਤਾ ਤੇ ਜ਼ੋਰ ਦਿੱਤਾ। ਉਨ੍ਹਾਂ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰਾਂ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗਾਂ ਦੇ ਅਧਿਕਾਰੀਆਂ ਨੂੰ ਅਜਿਹੀ ਕਿਸੇ ਵੀ ਸਮੱਸਿਆ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਇਨ੍ਹਾਂ ਸਮੱਸਿਆਵਾਂ ਬਾਰੇ ਤੁਰੰਤ ਸੂਚਨਾ ਅਤੇ ਹੱਲ ਦੀ ਸਹੂਲਤ ਲਈ ਨਗਰ ਨਿਗਮ ਜਲੰਧਰ ਵੱਲੋਂ ਹੈਲਪਲਾਈਨ ਨੰਬਰ 0181-2242587 ਵੀ ਜਾਰੀ ਕੀਤਾ ਹੈ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਦਸਤ ਅਤੇ ਪਾਣੀ ਤੋਂ ਹੋਣ ਵਾਲੀਆਂ ਹੋਰ ਬਿਮਾਰੀਆਂ ਨੂੰ ਫੈਲਣ ਤੋਂ ਰੋਕਣ ਲਈ ਢੁੱਕਵੀਂ ਕਲੋਰੀਨੇਸ਼ਨ ਯਕੀਨੀ ਬਣਾਉਣ ਅਤੇ ਰੋਕਥਾਮ ਸਬੰਧੀ ਹੋਰ ਲੋੜੀਂਦੇ ਉਪਾਅ ਕਰਨ ਦੇ ਨਿਰਦੇਸ਼ ਦਿੱਤੇ।

ਬਰਸਾਤ ਦੇ ਮੌਸਮ ਦੌਰਾਨ ਜਨਤਕ ਸਿਹਤ ਸੁਰੱਖਿਆ ਲਈ ਇਹ ਕਦਮ ਬਹੁਤ ਜ਼ਰੂਰੀ ਹਨ।

ਪੁਲਿਸ ਨੇ 2 ਅਪਰਾਧੀ ਫੜੇ

ਮੋਹਾਲੀ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੋਹਾਲੀ ਪੁਲਿਸ ਨੇ ਚੋਰੀ ਦੇ ਬੁਲੇਟ ਮੋਟਰਸਾਈਕਲ 'ਤੇ ਭੱਜ ਰਹੇ ਦੋ ਦੋਸ਼ੀਆਂ ਨੂੰ ਕਾਬੂ ਕੀਤਾ ਹੈ। ਭੱਜਦੇ ਸਮੇਂ ਮੁਲਜ਼ਮ ਦਾ ਬਾਈਕ ਪੱਥਰ ਨਾਲ ਟਕਰਾ ਕੇ ਫਿਸਲ ਗਿਆ। ਪੁਲੀਸ ਨੇ ਪਿੱਛੇ ਤੋਂ ਆ ਕੇ ਮੁਲਜ਼ਮ ਨੂੰ ਫੜ ਲਿਆ। ਬਦਮਾਸ਼ 12 ਜੁਲਾਈ ਨੂੰ ਜ਼ੀਰਕਪੁਰ ਤੋਂ ਟੈਕਸੀ ਲੈ ਕੇ ਗਏ ਸਨ। ਬਾਅਦ ਵਿੱਚ ਉਨ੍ਹਾਂ ਨੇ ਟੈਕਸੀ ਡਰਾਈਵਰ ਨੂੰ ਬੰਦੂਕ ਦੀ ਨੋਕ 'ਤੇ ਲੁੱਟਣ ਦੀ ਕੋਸ਼ਿਸ਼ ਕੀਤੀ, ਤੇ ਚਾਕੂ ਮਾਰੇ ਅਤੇ ਉਸਦੀ ਟੈਕਸੀ ਲੈ ਕੇ ਫ਼ਰਾਰ ਹੋ ਗਏ।

ਮੰਗਲਵਾਰ ਨੂੰ ਮੋਹਾਲੀ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਉਨ੍ਹਾਂ ਦਾ ਮੋਟਰਸਾਈਕਲ ਤਿਲਕ ਕੇ ਇੱਥੇ ਡਿੱਗ ਪਿਆ ਅਤੇ ਪੁਲਿਸ ਨੇ ਉਨ੍ਹਾਂ ਨੂੰ ਮੌਕੇ ਤੋਂ ਕਾਬੂ ਕਰ ਲਿਆ। ਪੁਲਿਸ ਨੇ ਦੋਵਾਂ ਦੇ ਕਬਜ਼ੇ 'ਚੋਂ ਦੋ ਨਜਾਇਜ਼ ਹਥਿਆਰ ਅਤੇ ਕੁਝ ਜਿੰਦਾ ਰੌਂਦ ਬਰਾਮਦ ਕੀਤੇ ਹਨ।

ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਲੱਕੀ ਉਰਫ਼ ਕਾਲਾ ਵਾਸੀ ਫ਼ਿਰੋਜ਼ਪੁਰ ਅਤੇ ਧਰਮਿੰਦਰ ਵਾਸੀ ਫ਼ੌਜੀ ਕਲੋਨੀ ਕਪੂਰਥਲਾ ਵਜੋਂ ਹੋਈ ਹੈ। ਦੋਵੇਂ ਇਸ ਸਮੇਂ ਜ਼ੀਰਕਪੁਰ ਦੇ ਖੁਸ਼ਹਾਲ ਐਨਕਲੇਵ ਵਿੱਚ ਰਹਿੰਦੇ ਸਨ।

ਇਹ ਦੋਵੇਂ ਇੱਥੇ ਕਾਰ ਖੋਹਣ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਅੱਜ ਜਦੋਂ ਉਹ ਚੋਰੀ ਦੇ ਮੋਟਰਸਾਈਕਲ 'ਤੇ ਭੱਜਣ ਲੱਗਾ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੋਵਾਂ ਪਾਸਿਆਂ ਤੋਂ ਘੇਰ ਲਿਆ। ਇਸ ਤੋਂ ਬਾਅਦ ਉਨ੍ਹਾਂ ਦਾ ਮੋਟਰਸਾਈਕਲ ਸਲਿੱਪ ਹੋ ਗਿਆ।

ਸੰਤ ਨਿਰੰਜਨ ਦਾਸ ਜੀ ਵਲੋਂ ਸੰਗਤਾਂ ਨੂੰ ਸਾਵਣ ਦਾ ਮਹੀਨਾ ਸਰਵਣ ਕਰਵਾਇਆ

ਜਲੰਧਰ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾ ਸੱਚਖੰਡ ਬੱਲਾਂ ਵਿਖੇ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਚੈਅਰਮੈਨ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਸੀ ਵਾਲਿਆ ਦੀ ਸੁਪਰਸਤੀ ਹੇਠ ਸਾਉਣ ਮਹੀਨੇ ਦੀ ਸੰਗਰਾਂਦ ਦਿਹਾੜੇ ਦੇ ਸੰਬੰਧ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਤੇ ਅੰਮ੍ਰਿਤਬਾਣੀ ਸ਼੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਜਾਪ ਕਰਵਾਏ ਗਏ। ਇਸ ਉਪਰੰਤ ਸੰਤ ਨਿਰੰਜਨ ਦਾਸ ਜੀ ਮਹਾਰਾਜ ਵਲੋਂ ਸਾਉਣ ਦਾ ਮਹੀਨਾ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ ਤੇ ਗੁਰਬਾਣੀ ਦੇ ਪ੍ਰਵਚਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਉਪਰੰਤ ਸੰਤ ਲੇਖ ਰਾਜ ਨੂਰਪੁਰ ਵਾਲਿਆਂ ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਅੰਮ੍ਰਿਤ ਬਾਣੀ ਦੇ ਪ੍ਰਵਚਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਤੇ ਵਿਰਦੀ ਬ੍ਰਦਰਸ ਰਾਏਪੁਰ ਵਾਲੇ ਅਤੇ ਹੋਰ ਕੀਰਤਨੀ ਜਥਿਆਂ ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਆਈਆਂ ਹੋਈਆਂ ਸੰਗਤਾਂ ਨੂੰ ਅਤੁੱਟ ਲੰਗਰ ਵਰਤਾਏ ਗਏ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੈਕਟਰੀ ਟਰਸਟ ਜੋਗਿੰਦਰ ਪਾਲ ਸੇਵਾਮੁਕਤ ਆਈਆਰਐਸ, ਜੁ: ਸੈਕਟਰੀ ਧਰਮਪਾਲ ਸਿਮਕ, ਸੇਵਾਦਾਰ ਨਿਰੰਜਨ ਦਾਸ ਚੀਮਾ, ਮੈਨਜਰ ਨਿਰਮਲ ਸਿੰਘ, ਸੇਵਾਦਾਰ ਮਨਦੀਪ ਦਾਸ, ਸੇਵਾਦਰ ਹਰਦੇਵ ਦਾਸ, ਸੇਵਾਦਰ ਸ਼ਾਮ ਲਾਲ, ਸਾਬਕਾ ਸਰਪੰਚ ਸੁਖਦੇਵ ਸੁਖੀ, ਏਐਸਆਈ ਰਾਮ ਪ੍ਰਕਾਸ਼, ਮਨਜੀਤ ਰਾਏ, ਸੁਖਦੇਵ ਰਾਜ, ਨੰਬਰਦਾਰ ਸੰਦੀਪ ਸਿੰਘ ਵਿਰਦੀ, ਗਿ:ਇੰਦਰਜੀਤ ਵਿਰਦੀ , ਹਰਜਿੰਦਰ ਸਿੰਘ , ਅਮਰਜੀਤ ਵਿਰਦੀ, ਗੁਰਦੇਵ ਮਹੇ , ਮਨਜੀਤ ਸਿੰਘ ਨੰਬਰਦਾਰ, ਦਲਜੀਤ ਸਿੰਘ ਰਾਏਪੁਰ ਆਦਿ ਸਮੇਤ ਇਲਾਕੇ ਅਤੇ ਦੂਰ ਦੁਰਾਡੇ ਦੀਆਂ ਸਮੂਹ ਸੰਗਤਾਂ ਵੀ ਹਾਜ਼ਰ ਸਨ।

ਨਸ਼ਾ ਸਮਗਲਰਾਂ ਦੀਆਂ ਜਾਇਦਾਤਾਂ ਵੀ ਜਬਤ ਕੀਤੀਆਂ ਜਾਣਗੀਆਂ -ਜ਼ਿਲਾ ਪੁਲਿਸ ਮੁਖੀ

ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਰਾਜਾਸਾਂਸੀ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕਰਦੇ ਹੋਏ। ਨਾਲ ਨਜ਼ਰ ਆ ਰਹੇ ਹਨ ਜਿਲਾ ਪੁਲਿਸ ਮੁਖੀ ਸ੍ਰੀ ਸਤਿੰਦਰ ਸਿੰਘ

ਅੰਮ੍ਰਿਤਸਰ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡਾਂ ਖਾਸ ਕਰਕੇ ਸਰਹੱਦੀ ਪਿੰਡਾਂ ਵਿੱਚ ਸਰਹੱਦ ਪਾਰ ਤੋਂ ਹੁੰਦੀ ਨਸ਼ੇ ਦੀ ਤਸਕਰੀ ਨੂੰ ਰੋਕਣ ਅਤੇ ਇਸ ਨਸ਼ੇ ਦੀ ਗ੍ਰਿਫ਼ਤ ਵਿੱਚ ਆਏ ਨੌਜਵਾਨਾਂ ਦਾ ਇਲਾਜ ਕਰਵਾਉਣ ਲਈ ਲੋਕ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਸਾਡਾ ਸਾਥ ਦੇਣ ਤਾਂ ਨਸ਼ਾ ਖਤਮ ਕਰਨਾ ਕੋਈ ਬਹੁਤ ਵੱਡੀ ਗੱਲ ਨਹੀਂ। ਉਕਤ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਰਾਜਾਸਾਂਸੀ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕਰਦੇ ਕੀਤਾ। ਉਹਨਾਂ ਕਿਹਾ ਕਿ ਸਰਕਾਰ ਨਸ਼ਾ ਖਤਮ ਕਰ ਲਈ ਪੁਲਿਸ ਅਤੇ ਬੀਐਸਐਫ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਲਗਾਤਾਰ ਸਰਹੱਦ ਪਾਰ ਤੋਂ ਹੁੰਦੀ ਤਸਕਰੀ ਜੋ ਕਿ ਜਿਆਦਾਤਰ ਡਰੋਨਾਂ ਰਾਹੀਂ ਹੋ ਰਹੀ ਹੈ, ਪੁਲਿਸ ਦੀ ਗ੍ਰਿਫ਼ਤ ਵਿੱਚ ਆ ਰਹੇ ਹਨ। ਇਸ ਤੋਂ ਇਲਾਵਾ ਨਸ਼ਾ ਸਮਗਲਰ ਵੀ ਪੁਲਿਸ ਨੇ ਦਬੋਚੇ ਹਨ ਪਰ ਇਸ ਦਾ ਮੁਕੰਮਲ ਖਾਤਮਾ ਤਾਂ ਹੀ ਹੋ ਸਕਦਾ ਹੈ ਜੇਕਰ ਪਿੰਡਾਂ ਦੇ ਲੋਕ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਜਿਲਾ ਪ੍ਰਸ਼ਾਸਨ ਦਾ ਸਾਥ ਦੇਣ। ਉਹਨਾਂ ਕਿਹਾ ਕਿ ਨਸ਼ੇ ਦੀ ਸਪਲਾਈ ਨੂੰ ਤੋੜਨ ਅਤੇ ਨਸ਼ੇ ਦੀ ਮੰਗ ਨੂੰ ਘੱਟ ਕਰਨ ਲਈ ਸਥਾਨਕ ਵਾਸੀ ਵੱਡਾ ਯੋਗਦਾਨ ਪਾ ਸਕਦੇ ਹਨ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਚਲਾਇਆ ਜਾ ਰਿਹਾ ਹੈ ਜਿੱਥੇ ਕਿ ਨਸ਼ੇ ਤੋਂ ਪੀੜਤ ਰੋਗੀਆਂ ਦਾ ਮੁਫਤ ਇਲਾਜ ਹੁੰਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਬਹੁਤ ਘੱਟ ਲੋਕ ਇਹਨਾਂ ਨਸ਼ਾ ਛਡਾਊ ਕੇਂਦਰਾਂ ਦਾ ਸਹਾਰਾ ਲੈ ਰਹੇ ਹਨ। ਉਹਨਾਂ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਜਿੱਥੇ ਪਿੰਡਾਂ ਵਿੱਚ ਨਸ਼ੇ ਵੇਚਦੇ ਲੋਕਾਂ ਦੀ ਜਾਣਕਾਰੀ ਪੁਲਿਸ ਪ੍ਰਸ਼ਾਸਨ ਨੂੰ ਦਈਏ ਉੱਥੇ ਨਸ਼ਾ ਕਰ ਰਹੇ ਆਪਣੇ ਪਿੰਡਾਂ ਦੇ ਨੌਜਵਾਨਾਂ ਦਾ ਇਲਾਜ ਕਰਵਾਉਣ ਲਈ ਇਹਨਾਂ ਨਸ਼ਾ ਛਡਾਊ ਕੇਂਦਰਾਂ ਅਤੇ ਰੀਹੈਬਿਲੀਟੇਸ਼ਨ ਸੈਂਟਰਾਂ ਦਾ ਸਾਥ ਲਈਏ।

ਇਸ ਮੌਕੇ ਸੰਬੋਧਨ ਕਰਦੇ ਜਿਲਾ ਪੁਲਿਸ ਮੁਖੀ ਸ੍ਰੀ ਸਤਿੰਦਰ ਸਿੰਘ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਪੁਲਿਸ ਹੁਣ ਕੇਵਲ ਨਸ਼ਾ ਦੀ ਤਸਕਰੀ ਹੀ ਬੰਦ ਨਹੀਂ ਕਰ ਰਹੀ ਬਲਕਿ ਨਸ਼ਾ ਵੇਚ ਕੇ ਬਣਾਈਆਂ ਗਈਆਂ ਜਾਇਦਾਤਾਂ ਵੀ ਜਬਤ ਕਰ ਰਹੀ ਹੈ। ਉਹਨਾਂ ਕਿਹਾ ਕਿ ਇਸ ਕੰਮ ਵਿੱਚ ਪੁਲਿਸ ਤਾਂ ਹੀ ਕਾਮਯਾਬ ਹੋ ਸਕਦੀ ਹੈ ਜੇਕਰ ਸਥਾਨਕ ਲੋਕ ਸਾਥ ਦੇਣ। ਉਹਨਾਂ ਕਿਹਾ ਕਿ ਤੁਸੀਂ ਸਾਡਾ ਸਾਥ ਦੇਣ ਲਈ ਅੱਗੇ ਆਓ ਤਾਂ ਮੈਂ ਵਾਅਦਾ ਕਰਦਾ ਹਾਂ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਰਹਾਂਗੇ। ਉਹਨਾਂ ਵਿਲੇਜ ਡਿਫੈਂਸ ਕਮੇਟੀਆਂ ਦੇ ਪ੍ਰਤੀਨਿਧੀਆਂ ਨੂੰ ਖੁੱਲ ਕੇ ਇਸ ਕੰਮ ਵਿੱਚ ਪੁਲਿਸ ਦਾ ਸਾਥ ਦਿਨ ਲਈ ਅਪੀਲ ਕੀਤੀ।

ਉਹਨਾਂ ਕਿਹਾ ਕਿ ਸਾਡਾ ਪੰਜਾਬ ਮੁੜ ਲੀਹਾਂ ਤੇ ਤਾਂ ਹੀ ਆਵੇਗਾ ਜੇਕਰ ਅਸੀਂ ਆਪਣੇ ਭਵਿੱਖ, ਆਪਣੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰ ਲਵਾਂਗੇ। ਇਸ ਮੌਕੇ ਐਸਡੀਐਮ ਸ੍ਰੀ ਲਾਲ ਵਿਸ਼ਵਾਸ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਕਿਸਾਨਾਂ ਨੂੰ ਬੂਟੇ ਲਗਾਉਣ ਦੀ ਅਪੀਲ : ਖੁੱਲਰ

ਅੰਮ੍ਰਿਤਸਰ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਮੁੱਖ ਖ਼ੇਤੀਬਾੜੀ ਅਫ਼ਸਰ ਡਾ ਤਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਵੇਰਕਾ ਦੇ ਖੇਤੀਬਾੜੀ ਅਫਸਰ ਡਾ. ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਖ਼ੇਤੀਬਾੜੀ ਵਿਸਥਾਰ ਅਫ਼ਸਰ ਮਨਦੀਪ ਸਿੰਘ ਖੁੱਲਰ ਦੇ ਯਤਨਾਂ ਸਦਕਾ ਸਰਕਲ ਮੂਧਲ ਦੇ ਵੱਖ ਵੱਖ ਪਿੰਡਾਂ ਵਿੱਚ ਬੂਟੇ ਲਗਾਉਣ ਦਾ ਯੋਗ ਉਪਰਾਲਾ ਕੀਤਾ ਗਿਆ।

ਇਸ ਮੌਕੇ ਮਨਦੀਪ ਸਿੰਘ ਖ਼ੇਤੀਬਾੜੀ ਵਿਸਥਾਰ ਅਫ਼ਸਰ ਨੇ ਸਰਕਲ ਦੇ ਵੱਖ ਵੱਖ ਪਿੰਡਾਂ ਦੇ ਕਿਸਾਨਾਂ ਨਾਲ ਤਾਲਮੇਲ ਕਰ ਕੇ ਕਿਸਾਨਾਂ ਦੀਆਂ ਮੋਟਰਾਂ ਅਤੇ ਸਾਝੀਆਂ ਥਾਵਾਂ 'ਤੇ ਬੂਟੇ ਲਗਾਏ ਗਏ।

ਇਸ ਮੌਕੇ ਕਿਸਾਨ ਕੁਲਵਿੰਦਰ ਸਿੰਘ ਗੋਲਡੀ, ਜਗਦੀਸ਼ ਸਿੰਘ ਸਰਪੰਚ, ਕਾਬਲ ਸਿੰਘ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਗੁਰਪਾਲ ਸਿੰਘ ਮੈਂਬਰ, ਲਖਵਿੰਦਰ ਸਿੰਘ ਮੈਂਬਰ, ਕੁਲਵਿੰਦਰ ਸਿੰਘ ਮੈਂਬਰ, ਅੰਗਰੇਜ਼ ਸਿੰਘ, ਬਚਿੱਤਰ ਸਿੰਘ, ਚਰਨਜੀਤ ਸਿੰਘ, ਅਨੂਪ ਸਿੰਘ ਨੰਬਰਦਾਰ , ਆਦਿ ਕਿਸਾਨ ਹਾਜ਼ਰ ਸਨ।

ਹੁਣ ਸਰਕਾਰ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਤੋਂ ਚੱਲਣ ਲੱਗੀ-ਵਿਧਾਇਕ ਮਾਲੇਰਕੋਟਲਾ

ਮਲੇਰਕੋਟਲਾ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਆਪਣਾ ਵਾਅਦਾ ਪੂਰਾ ਕਰਦਿਆਂ ਹੁਣ ਸਰਕਾਰ ਪਿੰਡਾਂ ਦੀਆਂ ਸੱਥਾਂ/ਸਾਂਝੀਆਂ ਥਾਵਾਂ ਵਿੱਚੋਂ ਚੱਲਣ ਲੱਗ ਗਈ ਹੈ। ਆਮ ਲੋਕਾਂ ਦੀ ਖੱਜਲ ਖੁਆਰੀ ਬੰਦ ਕਰਨ ਦੇ ਮਨੋਰਥ ਵਜੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ ਦੀ ਸਰਕਾਰ ਆਪ ਦੇ ਦੁਆਰ' ਪ੍ਰੋਗਰਾਮ ਤਹਿਤ ਜਨ ਸੁਣਵਾਈ ਕੈਂਪ ਦਾ ਆਯੋਜਨ ਕਰਕੇ ਜਮੀਨੀ ਪੱਧਰ ਤੇ ਲੋਕਾਂ ਦੀਆਂ ਨਿੱਜੀ ਅਤੇ ਸਾਂਝੀਆਂ ਮੁਸਕਿਲਾਂ ਨੂੰ ਹੱਲ ਕਰਨ ਲਈ ਜਨ ਸੁਣਵਾਈ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਸਾਰੀਆਂ ਪ੍ਰਸ਼ਾਸਨਿਕ ਸੁਵਿਧਾਵਾਂ/ਸੇਵਾਵਾਂ ਸੁਖਾਲੇ ਢੰਗ ਨਾਲ ਉਨ੍ਹਾਂ ਦੇ ਘਰਾਂ ਦੀ ਦਹਿਲੀਜਾਂ ਤੇ ਮਿਲ ਸਕਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਪਿੰਡ ਦਸੌਦਾ ਸਿੰਘ ਵਾਲਾ ਵਿਖੇ ਆਯੋਜਿਤ 'ਆਪ ਦੀ ਸਰਕਾਰ ਆਪ ਦੇ ਦੁਆਰ' ਪ੍ਰੋਗਰਾਮ ਤਹਿਤ ਜਨ ਸੁਣਵਾਈ ਕੈਂਪ ਵਿੱਚ ਸਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ ਪੱਲਵੀ,ਸਹਾਇਕ ਕਮਿਸ਼ਨਰ ਸ੍ਰੀ ਹਰਬੰਸ ਸਿੰਘ, ਨਾਇਬ ਤਹਿਸੀਲਦਾਰ ਸ੍ਰੀ ਹਰਮਿੰਦਰ ਸਿੰਘ ਘੋਲੀਆਂ,ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਅਜੈ ਕੁਮਾਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਪਿੰਡ ਦਸੌਦਾ ਸਿੰਘ ਵਾਲਾ ਦੀ ਤਕਸੀਮ ਕੀਤੀ ਜਮੀਨ ਦੀ ਵੱਡੀ ਫਰਦ ਦੀ ਸਮੱਸਿਆ ਤੇ ਸੁਣਵਾਈ ਕਰਦਿਆ ਵਿਧਾਇਕ ਅਤੇ ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਪਿੰਡ ਦੇ ਮੋਹਤਬਰਾਂ ਨੂੰ ਭਰੋਸਾ ਦਵਾਇਆ ਕਿ ਇਸ ਸਮੱਸਿਆ ਦਾ ਜਲਦ ਹੀ ਹੱਲ ਕੱਢ ਲਿਆ ਜਾਵੇਗਾ ਅਤੇ ਪਿੰਡ ਦੀ ਚਾਰ ਸਾਲਾ ਜਮਾਂਬੰਦੀ ਦਾ ਰਿਕਾਰਡ ਜਲਦ ਹੀ ਦਰੁਸਤ ਕਰ ਦਿੱਤਾ ਜਾਵੇਗਾ। ਜਿਸ ਨਾਲ ਆਮ ਲੋਕਾਂ ਨੂੰ ਜਮੀਨ ਵੇਚਣ, ਖਰੀਦਣ,

ਸੰਪਾਦਕੀ

ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਤਕਰਾਰਬਾਜ਼ੀ

'ਪੀਐਮ ਸ੍ਰੀ' ਯੋਜਨਾ ਨੂੰ ਪ੍ਰਵਾਨ ਨਾ ਕੀਤੇ ਜਾਣ ਤੋਂ ਭੜਕੀ ਕੇਂਦਰ ਸਰਕਾਰ ਵੱਲੋਂ ਤਿੰਨ ਸੂਬਿਆਂ ਦੇ ਸਮੱਗਰ ਸਿੱਖਿਆ ਅਭਿਆਨ (ਐਸਐਸਏ) ਤਹਿਤ ਮਿਲਣ ਵਾਲੇ ਫੰਡ ਰੋਕ ਲੈਣ ਕਰ ਕੇ ਜਿੱਥੇ ਕੇਂਦਰ ਅਤੇ ਰਾਜਾਂ ਦੇ ਸਬੰਧਾਂ ਵਿੱਚ ਟਕਰਾਅ ਦਾ ਨਵਾਂ ਅਧਿਆਏ ਜੁੜ ਗਿਆ ਹੈ, ਉੱਥੇ ਅਜਿਹੀ ਸਥਿਤੀ ਪੈਦਾ ਹੋਣ ਕਰ ਕੇ ਇਨ੍ਹਾਂ ਸੂਬਿਆਂ ਵਿੱਚ ਐਸਐਸਏ ਤਹਿਤ ਕੰਮ ਕਰਦੇ ਅਧਿਆਪਕਾਂ ਅਤੇ ਗ਼ੈਰ-ਅਧਿਆਪਨ ਸਟਾਫ ਦੀਆਂ ਤਨਖਾਹਾਂ ਅਤੇ ਹੋਰ ਸਰਗਰਮੀਆਂ ਪ੍ਰਭਾਵਿਤ ਹੋ ਰਹੀਆਂ ਹਨ। ਇੱਕ ਅਖ਼ਬਾਰੀ ਰਿਪੋਰਟ ਮੁਤਾਬਿਕ ਪੀਐਮ ਸ੍ਰੀ ਯੋਜਨਾ ਨੂੰ ਲੈ ਕੇ ਬਣੇ ਟਕਰਾਅ ਕਰ ਕੇ ਪਿਛਲੀਆਂ ਤਿੰਨ ਤਿਮਾਹੀਆਂ ਦੇ ਦਿੱਲੀ ਨੂੰ 330 ਕਰੋੜ ਰੁਪਏ, ਪੰਜਾਬ ਨੂੰ 515 ਕਰੋੜ ਰੁਪਏ ਅਤੇ ਪੱਛਮੀ ਬੰਗਾਲ ਨੂੰ ਇੱਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਫੰਡ ਰੋਕ ਲਏ ਗਏ ਹਨ। 'ਪੀਐਮ ਸ੍ਰੀ' ਯੋਜਨਾ ਦੀ ਸ਼ੁਰੂਆਤ 2022-23 ਵਿੱਚ ਕੀਤੀ ਗਈ ਸੀ ਜਿਸ ਤਹਿਤ ਅਗਲੇ ਪੰਜ ਸਾਲਾਂ ਦੌਰਾਨ ਕੌਮੀ ਸਿੱਖਿਆ ਨੀਤੀ ਦੇ ਅਮਲ ਅਧੀਨ ਸਮੁੱਚੇ ਦੇਸ਼ ਅੰਦਰ 14500 ਸਰਕਾਰੀ ਸਕੂਲਾਂ ਨੂੰ 'ਮਿਸਾਲੀ' ਸੰਸਥਾਵਾਂ ਵਿੱਚ ਤਬਦੀਲ ਕਰਨ ਦਾ ਟੀਚਾ ਰੱਖਿਆ ਗਿਆ ਸੀ। ਇਸ ਮੰਤਵ ਲਈ 27 ਹਜ਼ਾਰ ਕਰੋੜ ਰੁਪਏ ਦਾ ਬਜਟ ਰੱਖਣ ਦਾ ਐਲਾਨ ਕੀਤਾ ਗਿਆ ਸੀ ਜਿਸ ਲਈ 60 ਫ਼ੀਸਦੀ ਹਿੱਸਾ ਕੇਂਦਰ ਅਤੇ 40 ਫ਼ੀਸਦੀ ਹਿੱਸਾ ਸਬੰਧਿਤ ਰਾਜ ਵੱਲੋਂ ਪਾਏ ਜਾਣ ਦੀ ਵਿਵਸਥਾ ਹੈ। ਇਸ ਬਾਬਤ ਰਾਜਾਂ ਨੂੰ ਕੇਂਦਰੀ ਸਿੱਖਿਆ ਮੰਤਰਾਲੇ ਨਾਲ ਸਮਝੌਤਾ ਪੱਤਰ (ਐਮਓਯੂ) 'ਤੇ ਸਹੀ ਪਾਉਣੀ ਦਰਕਾਰ ਹੈ। ਪੰਜ ਰਾਜਾਂ ਵੱਲੋਂ ਅਜਿਹਾ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਸੀ ਪਰ ਤਾਮਿਲਨਾਡੂ ਅਤੇ ਕੇਰਲਾ ਵੱਲੋਂ ਇਸ ਲਈ ਸਹਿਮਤੀ ਦੀ ਇੱਛਾ ਜਤਾਏ ਜਾਣ ਤੋਂ ਬਾਅਦ ਦਿੱਲੀ, ਪੰਜਾਬ ਅਤੇ ਪੱਛਮੀ ਬੰਗਾਲ ਵੱਲੋਂ ਇਨਕਾਰ ਕਰ ਦਿੱਤਾ ਗਿਆ ਜਿਸ ਕਰ ਕੇ ਕੇਂਦਰ ਨੇ ਸਮੱਗਰ ਸਿੱਖਿਆ ਅਭਿਆਨ ਲਈ ਦਿੱਤੇ ਜਾਂਦੇ ਫੰਡ ਰੋਕੇ ਹੋਏ ਹਨ।

ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਸੂਬਿਆਂ ਨੂੰ ਅਕਸਰ ਇਹ ਸ਼ਿਕਾਇਤ ਰਹੀ ਹੈ ਕਿ ਕੇਂਦਰ ਸਰਕਾਰ ਵਲੋਂ ਫੰਡਾਂ ਦੀ ਵੰਡ ਦੇ ਮਾਮਲੇ ਵਿਚ ਉਨ੍ਹਾਂ ਨਾਲ ਵਿਤਕਰਾ ਅਤੇ ਧੱਕਾ ਕੀਤਾ ਜਾਂਦਾ ਹੈ। ਪੰਜਾਬ ਵਿੱਚ ਜ਼ਮੀਨ ਐਕੁਆਇਰ ਕਰਨ ਨਾਲ ਜੁੜੇ ਕੁਝ ਮੁੱਦਿਆਂ ਨੂੰ ਲੈ ਕੇ ਰਾਜ ਵਿੱਚ ਨੈਸ਼ਨਲ ਹਾਈਵੇਅ ਅਥਾਰਿਟੀ ਦੇ ਪ੍ਰਾਜੈਕਟਾਂ ਨੂੰ ਰੋਕ ਦੇਣ ਦੀਆਂ ਖ਼ਬਰਾਂ ਆਈਆਂ ਹਨ। ਸੋਮਵਾਰ ਨੂੰ ਕੇਂਦਰੀ ਟ ?ਰਾਂਸਪੋਰਟ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਦੀ ਅਗਵਾਈ ਹੇਠ ਇਨ੍ਹਾਂ ਪ੍ਰਾਜੈਕਟਾਂ ਦੀ ਸਮੀਖਿਆ ਕਰਨ ਤੋਂ ਬਾਅਦ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਨੂੰ ਸਾਫ਼ ਲਫ਼ਜ਼ਾਂ ਵਿੱਚ ਕਿਹਾ ਗਿਆ ਕਿ ਉਹ ਇਸ ਸਬੰਧ ਵਿੱਚ ਤੇਜ਼ੀ ਨਾਲ ਕਾਰਵਾਈ ਕਰਨ, ਨਹੀਂ ਤਾਂ ਰਾਜ ਵਿੱਚ ਚੱਲ ਰਹੇ ਐਨਐਚਏਆਈ ਦੇ ਪ੍ਰਾਜੈਕਟ ਰੋਕ ਦਿੱਤੇ ਜਾਣਗੇ।

ਦੇਸ਼ ਸਾਡੇ ਦੇਸ਼ ਦੇ ਵੰਨ-ਸਵੰਨੇ ਅਤੇ ਵਿਸ਼ਾਲ ਚਰਿੱਤਰ ਦੇ ਮੱਦੇਨਜ਼ਰ ਇਹ ਜ਼ਰੂਰੀ ਹੈ ਕਿ ਵਿਕਾਸ ਪ੍ਰਾਜੈਕਟਾਂ ਅਤੇ ਹੋਰਨਾਂ ਮਾਮਲਿਆਂ ਵਿੱਚ ਕੰਮਕਾਜੀ ਸਹਿਯੋਗ ਪੈਦਾ ਕਰਨ ਲਈ ਸੰਘੀ ਢਾਂਚੇ ਦੀ ਭਾਵਨਾ ਨਾਲ ਕੰਮ ਕੀਤਾ ਜਾਵੇ। ਪਿਛਲੇ ਕੁਝ ਸਾਲਾਂ ਤੋਂ ਤਾਕਤਾਂ ਦੇ ਵਧ ਰਹੇ ਕੇਂਦਰੀਕਰਨ ਨਾਲ ਸੂਬਿਆਂ ਦੀ ਹੈਸੀਅਤ ਨੂੰ ਖ਼ੋਰਾ ਲੱਗਿਆ ਹੈ। ਖ਼ਾਸ ਤੌਰ 'ਤੇ ਭਾਰਤ ਵਰਗੇ ਬਹੁ-ਭਾਂਤੇ ਅਤੇ ਵਿਸ਼ਾਲ ਦੇਸ਼ ਦੇ ਮਸਲਿਆਂ ਨਾਲ ਸਿੱਝਣ ਲਈ ਸੰਘੀ ਸ਼ਾਸਨ ਪ੍ਰਣਾਲੀ ਵਧੇਰੇ ਕਾਰਗਰ ਸਾਬਿਤ ਹੁੰਦੀ ਰਹੀ ਹੈ ਜਿਸ ਕਰ ਕੇ ਕੇਂਦਰ ਅਤੇ ਰਾਜਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਸੰਘੀ ਢਾਂਚੇ ਨੂੰ ਕਿਸੇ ਵੀ ਸੂਰਤ ਵਿੱਚ ਕਮਜ਼ੋਰ ਨਾ ਪੈਣ ਦਿੱਤਾ ਜਾਵੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮਿਲ-ਜੁਲ ਕੇ ਕੰਮ ਕਰਨ ਲਈ ਸਾਜ਼ਗਾਰ ਮਾਹੌਲ ਸਿਰਜਿਆ ਜਾਵੇ।

ਜੰਮੂ ਕਸ਼ਮੀਰ ਵਿਚ ਵੱਧ ਰਹੀਆਂ ਦਹਿਸ਼ਤੀ ਘਟਨਾਵਾਂ

ਡੋਡਾ, ਰਿਆਸੀ, ਕਠੂਆ, ਪੁਣਛ, ਰਾਜੌਰੀ- ਅਤਿਵਾਦੀ ਤੇ ਉਨ੍ਹਾਂ ਦੇ ਮਦਦਗਾਰ ਨਿਰੰਤਰ ਜੰਮੂ ਖੇਤਰ ਨੂੰ ਨਿਸ਼ਾਨਾ ਬਣਾ ਰਹੇ ਹਨ। ਨਤੀਜੇ ਵਜੋਂ ਫ਼ੌਜ ਤੇ ਯੂਟੀ ਪੁਲੀਸ 'ਤੇ ਦਹਿਸ਼ਤੀ ਘਟਨਾਵਾਂ ਨੂੰ ਰੋਕਣ ਦਾ ਦਬਾਅ ਵਧ ਰਿਹਾ ਹੈ। ਸੋਮਵਾਰ ਰਾਤ ਡੋਡਾ ਜਿ ?ਲ੍ਹੇ ਵਿੱਚ ਅਤਿਵਾਦੀਆਂ ਨਾਲ ਹੋਏ ਮੁਕਾਬਲੇ ਵਿੱਚ ਇੱਕ ਕੈਪਟਨ ਸਣੇ ਚਾਰ ਸੈਨਿਕ ਸ਼ਹੀਦ ਹੋ ਗਏ। ਇਸ ਤੋਂ ਹਫ਼ਤਾ ਪਹਿਲਾਂ ਕਠੂਆ ਜਿ ?ਲ੍ਹੇ ਦੇ ਮਾਚੇੜੀ ਜੰਗਲਾਤ ਖੇਤਰ ਵਿੱਚ ਅਤਿਵਾਦੀਆਂ ਨੇ ਸੈਨਾ ਦੇ ਕਾਫ਼ਲੇ 'ਤੇ ਘਾਤ ਲਾ ਕੇ ਹਮਲਾ ਕੀਤਾ ਸੀ ਅਤੇ ਪੰਜ ਸੈਨਿਕਾਂ ਦੀ ਜਾਨ ਚਲੀ ਗਈ ਸੀ। ਅੰਕੜੇ ਸਾਫ਼-ਸਾਫ਼ ਨਜ਼ਰ ਆ ਰਹੇ ਹਨ, ਪਹਿਲੀ ਜਨਵਰੀ ਤੋਂ ਬਾਅਦ ਹੁਣ ਤੱਕ ਇਸ ਖੇਤਰ 'ਚ ਹੋਏ ਮੁਕਾਬਲਿਆਂ ਜਾਂ ਅਤਿਵਾਦੀ ਹਮਲਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ 20 ਨੂੰ ਪਾਰ ਕਰ ਗਈ ਹੈ ਜੋ ਦਹਿਸ਼ਤਗਰਦਾਂ ਨਾਲੋਂ ਚਾਰ ਗੁਣਾ ਜਿ ?ਆਦਾ ਹੈ। ਮ੍ਰਿਤਕਾਂ ਵਿੱਚ ਵੱਖ-ਵੱਖ ਸੁਰੱਖਿਆ ਬਲਾਂ ਦੇ ਕਰਮੀ ਤੇ ਹੋਰ ਲੋਕ ਸ਼ਾਮਿਲ ਹਨ।

ਹਾਲ ਦੇ ਸਾਲਾਂ ਵਿੱਚ, ਤੇ ਖ਼ਾਸ ਤੌਰ 'ਤੇ ਪਿਛਲੇ ਕਰੀਬ ਇੱਕ ਮਹੀਨੇ ਤੋਂ ਦਹਿਸ਼ਤੀ ਗਤੀਵਿਧੀਆਂ ਦਾ ਕੇਂਦਰ ਜੰਮੂ ਖੇਤਰ ਬਣ ਗਿਆ ਹੈ; ਪਹਿਲਾਂ ਕਸ਼ਮੀਰ ਵਾਦੀ ਅਜਿਹੀਆਂ ਘਟਨਾਵਾਂ ਦਾ ਧੁਰਾ ਸੀ। ਬਿਲਕੁਲ ਸਾਫ਼ ਸਮਝ ਆ ਰਹੀ ਦਹਿਸ਼ਤਗਰਦਾਂ ਦੀ ਇਸ ਨਵੀਂ ਰਣਨੀਤੀ ਦੇ ਬਾਵਜੂਦ ਸੈਨਾ, ਪੁਲੀਸ ਅਤੇ ਕੇਂਦਰੀ ਹਥਿਆਰਬੰਦ ਪੁਲੀਸ ਬਲ ਸਰਹੱਦ ਪਾਰੋਂ ਘੁਸਪੈਠ ਕਰ ਕੇ ਆਏ ਵਿਦੇਸ਼ੀ ਅਤਿਵਾਦੀਆਂ ਦਾ ਮੁਕਾਬਲਾ ਕਰਨ 'ਚ ਸੰਘਰਸ਼ ਕਰ ਰਹੇ ਹਨ। ਇਹ ਕਿਤੇ ਨਾ ਕਿਤੇ ਖੁਫ਼ੀਆ ਮੋਰਚੇ 'ਤੇ ਕਮੀ-ਪੇਸ਼ੀ ਵੱਲ ਸੰਕੇਤ ਕਰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਏਜੰਸੀਆਂ ਵਿਚਾਲੇ ਢੁੱਕਵੇਂ ਤਾਲਮੇਲ ਦੀ ਘਾਟ ਵੀ ਇੱਕ ਕਾਰਨ ਹੋ ਸਕਦਾ ਹੈ। ਸਪੱਸ਼ਟ ਹੈ ਕਿ ਅਤਿਵਾਦੀ ਇਨ੍ਹਾਂ ਖ਼ਾਮੀਆਂ ਦਾ ਫਾਇਦਾ ਉਠਾ ਕੇ ਇੱਕ ਤੋਂ ਬਾਅਦ ਇੱਕ, ਹਰ ਹਫ਼ਤੇ ਦਹਿਸ਼ਤੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ।

ਇਸ ਸਾਰੇ ਮਾਮਲੇ 'ਚ ਸ਼ੱਕ ਦੀ ਨਿਗ ?ਹਾ ਪਹਿਲਾਂ ਵਾਂਗ ਪਾਕਿਸਤਾਨ 'ਤੇ ਹੀ ਹੈ ਜੋ ਆਪਣੀਆਂ ਮਾਲੀ ਤੇ ਸਿਆਸੀ ਮੁਸ਼ਕਿਲਾਂ ਦਰਮਿਆਨ ਵੀ ਭਾਰਤ ਨੂੰ ਨੁਕਸਾਨ ਪਹੁੰਚਾਉਣ ਦੀ ਰਣਨੀਤੀ 'ਤੇ ਅਡਿ ?ਆ ਹੋਇਆ ਹੈ। ਭਾਰਤ ਨੂੰ ਭਾਵੇਂ ਆਲਮੀ ਪੱਧਰ 'ਤੇ ਵੀ ਇਸਲਾਮਾਬਾਦ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ ਪਰ ਇਸ ਦੇ ਨਾਲ ਹੀ ਪੂਰੇ ਦੇ ਪੂਰੇ ਅਤਿਵਾਦ-ਵਿਰੋਧੀ ਤੰਤਰ ਜਾਂ ਕਾਰਜ ਵਿਧੀ ਦੀ ਵੀ ਫੌਰੀ ਪੜਚੋਲ ਦੀ ਲੋੜ ਹੈ। ਅਤਿਵਾਦੀਆਂ ਨੂੰ ਮਾਤ ਦੇਣ ਲਈ ਸੁਰੱਖਿਆ ਬਲਾਂ ਨੂੰ ਮੁੜ ਫੁਰਤੀ ਤੇ ਸਰਗਰਮੀ ਨਾਲ ਕੰਮ ਕਰਨਾ ਪਏਗਾ। ਇਸ ਦੇ ਨਾਲ-ਨਾਲ ਬਾਕੀ ਸਾਰੇ ਹਿੱਤ ਧਾਰਕਾਂ ਨੂੰ ਸ਼ਾਂਤੀ ਖਾਤਰ ਧੀਰਜ ਧਾਰਨ ਦੀ ਲੋੜ ਹੈ। ਜੰਮੂ ਕਸ਼ਮੀਰ ਦੇ ਪੁਲੀਸ ਮੁਖੀ (ਡੀਜੀਪੀ) ਵੱਲੋਂ ਦਿੱਤਾ ਬਿਆਨ ਵਿਵਾਦ ਖੜ੍ਹਾ ਕਰ ਸਕਦਾ ਹੈ ਜਿਸ 'ਚ ਉਨ੍ਹਾਂ ਦੋਸ਼ ਲਾਇਆ ਹੈ ਕਿ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਰਾਜਨੀਤਕ ਲਾਭ ਲਈ ਦਹਿਸ਼ਤੀ ਗਰੋਹਾਂ ਦੇ ਆਗੂਆਂ ਨੂੰ ਸ਼ਹਿ ਦੇ ਰਹੀਆਂ ਹਨ। ਇੱਕ-ਦੂਜੇ 'ਤੇ ਇਸ ਤਰ੍ਹਾਂ ਦੇ ਦੋਸ਼ ਮੜ੍ਹਨ ਨਾਲ ਨਾ ਸਿਰਫ਼ ਸੈਨਿਕਾਂ ਦੇ ਬਲਿਦਾਨ ਦੀ ਬੇਕਦਰੀ ਹੋਵੇਗੀ ਬਲਕਿ ਪਾਕਿਸਤਾਨ ਨੂੰ ਵੀ ਆਪਣੇ ਕੋਝੇ ਹੱਥਕੰਡੇ ਨੂੰ ਜਾਰੀ ਰੱਖਣ ਦਾ ਬਲ ਮਿਲੇਗਾ।

ਪੰਜਾਬ ਵਿਧਾਨ ਸਭਾ ਸਪੀਕਰ ਵੱਲੋਂ ਹਾਊਸ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਨਾਮਜ਼ਦ

ਚੰਡੀਗੜ੍ਹ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਸਾਲ 2024-25 ਲਈ ਹਾਊਸ ਦੀਆਂ ਵੱਖ-ਵੱਖ ਕਮੇਟੀਆਂ 'ਤੇ ਸੇਵਾਵਾਂ ਨਿਭਾਉਣ ਲਈ ਨਾਮਜ਼ਦ ਕੀਤਾ ਗਿਆ ਹੈ।

ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਮੁਤਾਬਿਕ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਰਾਣਾ ਗੁਰਜੀਤ ਸਿੰਘ ਨੂੰ ਲੋਕ ਲੇਖਾ ਕਮੇਟੀ ਦਾ ਚੇਅਰਮੈਨ, ਸ੍ਰੀਮਤੀ ਸਰਵਜੀਤ ਕੌਰ ਮਾਣੂਕੇ ਨੂੰ ਸਰਕਾਰੀ ਕਾਰੋਬਾਰ ਕਮੇਟੀ ਦੀ ਚੇਅਰਪਰਸਨ, ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਨੂੰ ਅਨੁਮਾਨ ਕਮੇਟੀ ਦਾ ਚੇਅਰਮੈਨ, ਡਾ. ਰਵਜੋਤ ਸਿੰਘ ਨੂੰ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦਾ ਚੇਅਰਮੈਨ, ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਨੂੰ ਹਾਊਸ ਕਮੇਟੀ ਦਾ ਚੇਅਰਮੈਨ, ਸ੍ਰੀ ਗੁਰਪ੍ਰੀਤ ਬੱਸੀ ਗੋਗੀ ਨੂੰ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦਾ ਚੇਅਰਮੈਨ, ਸ੍ਰੀ ਬੁੱਧ ਰਾਮ ਨੂੰ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦਾ ਚੇਅਰਮੈਨ, ਸ. ਸਰਵਣ ਸਿੰਘ ਧੁੰਨ ਨੂੰ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦਾ ਚੇਅਰਮੈਨ, ਸ. ਗੁਰਪ੍ਰੀਤ ਸਿੰਘ ਬਨਾਂਵਾਲੀ ਨੂੰ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦਾ ਚੇਅਰਮੈਨ, ਸ. ਕੁਲਵੰਤ ਸਿੰਘ ਪੰਡੋਰੀ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਦਾ ਚੇਅਰਮੈਨ, ਸ. ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਸਰਕਾਰੀ ਆਸ਼ਵਾਸਨਾਂ ਕਮੇਟੀ ਦਾ ਚੇਅਰਮੈਨ, ਸ. ਅਮਰਪਾਲ ਸਿੰਘ ਨੂੰ ਅਧੀਨ ਵਿਧਾਨ ਕਮੇਟੀ ਦਾ ਚੇਅਰਮੈਨ, ਸ. ਮਨਜੀਤ ਸਿੰਘ ਬਿਲਾਸਪੁਰ ਨੂੰ ਪਟੀਸ਼ਨ ਕਮੇਟੀ ਦਾ ਚੇਅਰਮੈਨ, ਡਾ. ਇੰਦਰਬੀਰ ਸਿੰਘ ਨਿੱਝਰ ਨੂੰ ਮੇਜ਼ 'ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਅਤੇ ਲਾਇਬ੍ਰੇਰੀ ਕਮੇਟੀ ਦਾ ਚੇਅਰਮੈਨ ਅਤੇ ਸ. ਜਗਰੂਪ ਸਿੰਘ ਗਿੱਲ ਨੂੰ ਕੁਐਸਚਨਜ਼ ਅਤੇ ਰੈਫ਼ਰੈਂਸਿਜ਼ ਕਮੇਟੀ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ ਹੈ।

1. ਲੋਕ ਲੇਖਾ ਕਮੇਟੀ: ਰਾਣਾ ਗੁਰਜੀਤ ਸਿੰਘ, ਚੇਅਰਮੈਨ ਅਤੇ ਸ. ਅਜੀਤਪਾਲ ਸਿੰਘ ਕੋਹਲੀ, ਸ੍ਰੀ ਅਮਨਦੀਪ ਸਿੰਘ ਮੁਸਾਫਿਰ, ਡਾ. ਚਰਨਜੀਤ ਸਿੰਘ, ਸ. ਨਰਿੰਦਰਪਾਲ ਸਿੰਘ ਸਵਨਾ, ਸ. ਗੁਰਦੇਵ ਸਿੰਘ ਦੇਵ ਮਾਨ, ਸ. ਮਨਵਿੰਦਰ ਸਿੰਘ ਗਿਆਸਪੁਰਾ, ਡਾ. ਵਿਜੈ ਸਿੰਗਲਾ, ਸ. ਹਰਦੀਪ ਸਿੰਘ ਮੁੰਡੀਆਂ, ਸ. ਜਸਵੀਰ ਸਿੰਘ ਰਾਜਾ ਗਿੱਲ, ਸ. ਹਰਦੇਵ ਸਿੰਘ ਲਾਡੀ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਮੈਂਬਰ ਹਨ।

2. ਸਰਕਾਰੀ ਕਾਰੋਬਾਰ ਕਮੇਟੀ: ਸ੍ਰੀਮਤੀ ਸਰਵਜੀਤ ਕੌਰ ਮਾਣੂਕੇ ਚੇਅਰਪਰਸਨ ਅਤੇ ਡਾ. ਅਜੈ ਗੁਪਤਾ, ਸ. ਦਲਬੀਰ ਸਿੰਘ ਟੌਂਗ, ਸ. ਕੁਲਵੰਤ ਸਿੰਘ ਬਾਜ਼ੀਗਰ, ਸ. ਗੁਰਦਿੱਤ ਸਿੰਘ ਸੇਖੋਂ, ਸ੍ਰੀ ਮਦਨ ਲਾਲ ਬੱਗਾ, ਸ੍ਰੀਮਤੀ ਨੀਨਾ ਮਿੱਤਲ, ਸ. ਹਰਮੀਤ ਸਿੰਘ ਪਠਾਨਮਾਜਰਾ, ਸ੍ਰੀ ਗੁਰਲਾਲ ਘਨੌਰ, ਸ੍ਰੀ ਬਰਿੰਦਰ ਕੁਮਾਰ ਗੋਇਲ ਵਕੀਲ, ਡਾ. ਮੁਹੰਮਦ ਜਮੀਲ-ਉਰ-ਰਹਿਮਾਨ, ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸ. ਸੁਖਬਿੰਦਰ ਸਿੰਘ ਸਰਕਾਰੀਆ ਮੈਂਬਰ ਹਨ।

3. ਅਨੁਮਾਨ ਕਮੇਟੀ: ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਚੇਅਰਮੈਨ ਅਤੇ ਸ. ਗੁਰਿੰਦਰ ਸਿੰਘ ਗੈਰੀ ਬੜਿੰਗ, ਸ. ਰੁਪਿੰਦਰ ਸਿੰਘ, ਸ੍ਰੀ ਜਗਦੀਪ ਗੋਲਡੀ ਕੰਬੋਜ, ਸ. ਜੀਵਨ ਸਿੰਘ ਸੰਗੋਵਾਲ, ਸ. ਅਮੋਲਕ ਸਿੰਘ, ਸ. ਕਰਮਬੀਰ ਸਿੰਘ, ਸ. ਅੰਮ੍ਰਿਤਪਾਲ ਸਿੰਘ ਸੁਖਾਨੰਦ, ਸ. ਕੁਲਵੰਤ ਸਿੰਘ, ਸ੍ਰੀਮਤੀ ਇੰਦਰਜੀਤ ਕੌਰ ਮਾਨ, ਸ੍ਰੀ ਨਰੇਸ਼ ਕਟਾਰੀਆ, ਸ. ਬਰਿੰਦਰਮੀਤ ਸਿੰਘ ਪਾਹੜਾ ਅਤੇ ਸ੍ਰੀ ਨਰੇਸ਼ ਪੁਰੀ ਮੈਂਬਰ ਹਨ।

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ: ਡਾ. ਰਵਜੋਤ ਸਿੰਘ ਚੇਅਰਮੈਨ ਅਤੇ ਡਾ. ਜਸਬੀਰ ਸਿੰਘ ਸੰਧੂ, ਸ. ਦਲਬੀਰ ਸਿੰਘ ਟੌਂਗ, ਸ੍ਰੀ ਅਮਿਤ ਰਤਨ ਕੋਟਫੱਤਾ, ਸ. ਲਾਭ ਸਿੰਘ ਉਗੋਕੇ, ਸ. ਜਗਸੀਰ ਸਿੰਘ, ਸ. ਗੁਰਦੇਵ ਸਿੰਘ ਦੇਵ ਮਾਨ, ਸ੍ਰੀ ਰਜਨੀਸ਼ ਕੁਮਾਰ ਦਹੀਆ, ਡਾ. ਚਰਨਜੀਤ ਸਿੰਘ, ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਸ੍ਰੀ ਵਿਕਰਮਜੀਤ ਸਿੰਘ ਚੌਧਰੀ ਅਤੇ ਡਾ. ਨਛੱਤਰ ਪਾਲ ਮੈਂਬਰ ਹਨ।

5. ਹਾਊਸ ਕਮੇਟੀ: ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਚੇਅਰਮੈਨ ਅਤੇ ਸ. ਕੁਲਵੰਤ ਸਿੰਘ ਸਿੱਧੂ, ਸ੍ਰੀਮਤੀ ਰਜਿੰਦਰ ਪਾਲ ਕੌਰ, ਸ. ਕਰਮਬੀਰ ਸਿੰਘ, ਸ. ਹਾਕਮ ਸਿੰਘ ਠੇਕੇਦਾਰ, ਸ੍ਰੀਮਤੀ ਨੀਨਾ ਮਿੱਤਲ, ਸ. ਮਨਜਿੰਦਰ ਸਿੰਘ ਲਾਲਪੁਰਾ, ਸ. ਕੁਲਵੰਤ ਸਿੰਘ ਬਾਜ਼ੀਗਰ ਅਤੇ ਸ. ਸੁਖਬਿੰਦਰ ਸਿੰਘ ਸਰਕਾਰੀਆ ਮੈਂਬਰ ਹਨ।

6. ਸਥਾਨਕ ਸੰਸਥਾਵਾਂ ਸਬੰਧੀ ਕਮੇਟੀ: ਸ੍ਰੀ ਗੁਰਪ੍ਰੀਤ ਬੱਸੀ ਗੋਗੀ ਚੇਅਰਮੈਨ ਅਤੇ ਸ. ਕੁਲਜੀਤ ਸਿੰਘ ਰੰਧਾਵਾ, ਸ੍ਰੀਮਤੀ ਜੀਵਨਜੋਤ ਕੌਰ, ਸ. ਤਰੁਨਪ੍ਰੀਤ ਸਿੰਘ ਸੌਂਧ, ਸ੍ਰੀ ਮਦਨ ਲਾਲ ਬੱਗਾ, ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਸ੍ਰੀਮਤੀ ਨੀਨਾ ਮਿੱਤਲ, ਸ. ਅਜੀਤ ਪਾਲ ਸਿੰਘ ਕੋਹਲੀ, ਸ੍ਰੀ ਅਸ਼ੋਕ ਪਰਾਸ਼ਰ (ਪੱਪੀ), ਡਾ. ਕਸ਼ਮੀਰ ਸਿੰਘ ਸੋਹਲ, ਡਾ. ਅਮਨਦੀਪ ਕੌਰ ਅਰੋੜਾ, ਸ੍ਰੀ ਅਵਤਾਰ ਸਿੰਘ ਜੂਨੀਅਰ ਅਤ

ਸਰਕਾਰ ਵੱਲੋਂ ਮੌਨਸੂਨ ਇਜਲਾਸ ਲਈ 6 ਨਵੇਂ ਬਿੱਲ ਸੂਚੀਬੰਦ

ਲੋਕ ਸਭਾ ਸਪੀਕਰ ਓਮ ਬਿਰਲਾ ਵੱਲੋਂ ਬਿਜ਼ਨਸ ਐਡਵਾਈਜ਼ਰੀ ਕਮੇਟੀ ਕਾਇਮ

ਨਵੀਂ ਦਿੱਲੀ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰ ਨੇ ਸੋਮਵਾਰ ਤੋਂ ਸ਼ੁਰੂ ਹੋ ਰਹੇ ਮੌਨਸੂਨ ਇਜਲਾਸ ਵਿਚ ਪੇਸ਼ ਕਰਨ ਲਈ ਛੇ ਨਵੇਂ ਬਿੱਲ ਸੂਚੀਬੰਦ ਕੀਤੇ ਹਨ। ਇਨ੍ਹਾਂ ਵਿਚ ਆਫ਼ਤ ਪ੍ਰਬੰਧਨ ਕਾਨੂੰਨ ਵਿਚ ਸੋਧ ਨਾਲ ਸਬੰਧਤ ਬਿੱਲ ਵੀ ਸ਼ਾਮਲ ਹੈ। ਸਰਕਾਰ ਨੇ ਵਿੱਤ ਬਿੱਲ ਤੋਂ ਇਲਾਵਾ ਭਾਰਤੀਯ ਵਾਯੂਯਾਨ ਵਿਧੇਯਕ 2024 ਵੀ ਸੂਚੀਬੰਦ ਕੀਤਾ ਹੈ, ਜੋ 1934 ਦੇ ਏਅਰਕ੍ਰਾਫਟ ਐਕਟ ਦੀ ਥਾਂ ਲਏਗਾ। ਇਸ ਬਿੱਲ ਦਾ ਮੁੱਖ ਮਕਸਦ ਸ਼ਹਿਰੀ ਹਵਾਬਾਜ਼ੀ ਸੈਕਟਰ ਵਿਚ ਕਾਰੋਬਾਰ ਨੂੰ ਸੁਖਾਲਾ ਬਣਾਉਣਾ ਹੈ।

ਲੋਕ ਸਭਾ ਸਕੱਤਰੇਤ ਵੱਲੋਂ ਵੀਰਵਾਰ ਸ਼ਾਮ ਨੂੰ ਜਾਰੀ ਸੰਸਦੀ ਬੁਲਿਟਨ ਵਿਚ ਉਪਰੋਕਤ ਬਿੱਲਾਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ। ਮੌਨਸੂਨ ਇਜਲਾਸ 22 ਜੁਲਾਈ ਤੋਂ ਸ਼ੁਰੂ ਹੋ ਕੇ 12 ਅਗਸਤ ਤੱਕ ਚੱਲੇਗਾ। ਵਿੱਤ ਮੰਤਰੀ ਨਿਰਮਲਾ ਸੀਤਾਰਮਨ 23 ਜੁਲਾਈ ਨੂੰ ਕੇਂਦਰੀ ਬਜਟ ਪੇਸ਼ ਕਰਨਗੇ। ਇਸ ਦੇ ਨਾਲ ਹੀ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਬਿਜ਼ਨਸ ਐਡਵਾਈਜ਼ਰੀ ਕਮੇਟੀ (ਬੀਏਸੀ) ਦਾ ਵੀ ਗਠਨ ਕੀਤਾ ਹੈ, ਜੋ ਸੰਸਦੀ ਏਜੰਡੇ ਬਾਰੇ ਫੈਸਲਾ ਲਏਗੀ। ਸਪੀਕਰ ਦੀ ਅਗਵਾਈ ਵਾਲੀ ਕਮੇਟੀ ਵਿਚ ਸੁਦੀਪ ਬੰਦੋਪਾਧਿਆਏ (ਟੀਐਮਸੀ), ਪੀਪੀ ਚੌਧਰੀ (ਭਾਜਪਾ), ਲਵੂ ਸ੍ਰੀ ਕ੍ਰਿਸ਼ਨਾ ਦੇਵਰਾਯਾਲੂ (ਟੀਡੀਪੀ), ਨਿਸ਼ੀਕਾਂਤ ਦੂਬੇ (ਭਾਜਪਾ), ਗੌਰਵ ਗੋਗੋਈ (ਕਾਂਗਰਸ), ਸੰਜੇ ਜੈਸਵਾਲ (ਭਾਜਪਾ), ਦਿਲੇਸ਼ਵਰ ਕਮਾਇਤ (ਜੇਡੀ-ਯੂ), ਭਰਤਰੁਹਰੀ ਮਹਿਤਾਬ (ਭਾਜਪਾ), ਦਯਾਨਿਧੀ ਮਾਰਨ (ਡੀਐਮਕੇ), ਬੈਜਯੰਤ ਪਾਂਡਾ (ਭਾਜਪਾ), ਅਰਵਿੰਦ ਸਾਵੰਤ (ਸ਼ਿਵ ਸੈਨਾ-ਯੂਬੀਟੀ), ਕੋਡਿਕੁਨਿਲ ਸੁਰੇਸ਼ (ਕਾਂਗਰਸ), ਅਨੁਰਾਗ ਠਾਕੁਰ (ਭਾਜਪਾ) ਅਤੇ ਲਾਲਜੀ ਵਰਮਾ (ਸਪਾ) ਮੈਂਬਰ ਵਜੋਂ ਸ਼ਾਮਲ ਹੋਣਗੇ।

ਸਰਕਾਰ ਨੇ ਲੰਗੋਟੀਏ ਪੂੰਜੀਪਤੀਆਂ ਨੂੰ ਹੋਰ ਅਮੀਰ ਬਣਾਉਣ ਲਈ ਬਜਟ ਤਿਆਰ ਕੀਤਾ:

ਨਵੀਂ ਦਿੱਲੀ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਨੇ ਮੰਗਲਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਕੇਂਦਰੀ ਬਜਟ ਤੋਂ ਪਹਿਲਾਂ ਅੱਜ ਦੋਸ਼ ਲਾਇਆ ਕਿ ਇਸ ਬਜਟ ਦਾ ਉਦੇਸ਼ ਬੇਰੁਜ਼ਗਾਰੀ ਤੇ ਵਧਦੀ ਨਾਬਰਾਬਰੀ ਜਿਹੇ ਫ਼ਿਕਰਾਂ ਨੂੰ ਮੁਖਾਤਿਬ ਹੋਣ ਦੀ ਥਾਂ ਸਰਕਾਰ ਦੇ ਕੁਝ ਗਿਣਤੀ ਦੇ ਲੰਗੋਟੀਏ ਪੂੰਜੀਪਤੀਆਂ ਨੂੰ ਹੋਰ ਅਮੀਰ ਬਣਾਉਣਾ ਹੋਵੇਗਾ। ਕਾਂਗਰਸ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਕਿਹਾ ਕਿ ਇਸ ਸਰਕਾਰ ਨੂੰ ਆਮ ਲੋਕਾਂ, ਕਿਸਾਨਾਂ, ਨੌਜਵਾਨਾਂ, ਮਹਿਲਾਵਾਂ ਤੇ ਮੱਧ ਵਰਗ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਪਾਰਟੀ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਦੇ ਪਿਛਲੇ ਸਾਲਾਂ ਵਾਂਗ ਅਗਾਮੀ ਬਜਟ ਨੂੰ ਵੱਖ ਵੱਖ ਸੈਕਟਰਾਂ ਵਿਚ ਵਧੇਰੇ ਮੁਖਤਿਆਰੀ ਲਈ ਤਿਆਰ ਕੀਤਾ ਗਿਆ ਹੈ।

ਹਾਲੀਆ ਰੇਲ ਹਾਦਸਿਆਂ ਦੇ ਹਵਾਲੇ ਨਾਲ ਸ੍ਰੀਨੇਤ ਨੇ ਸਵਾਲ ਕੀਤਾ ਕਿ ਰੇਲਵੇ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਕੀ ਕੀਤਾ ਜਾ ਰਿਹਾ ਹੈ ਤੇ ਕੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਰੇਲਵੇ ਲਈ ਵਧੇਰੇ ਫੰਡ ਰੱਖਣਗੇ।

ਮਾਈਕਰੋਸਾਫ਼ਟ ਦੇ ਸਰਵਰ 'ਚ ਨੁਕਸ ਕਰਕੇ ਅਮਰੀਕਾ ਤੋਂ ਆਸਟਰੇਲੀਆ ਤੱਕ ਇੰਟਰਨੈੱਟ ਬੰਦ

ਨਵੀਂ ਦਿੱਲੀ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮਾਈਕਰੋਸਾਫ਼ਟ ਦੇ ਸਰਵਰ ਵਿਚ ਪਏ ਤਕਨੀਕੀ ਨੁਕਸ ਮਗਰੋਂ ਅਮਰੀਕਾ ਤੋਂ ਲੈ ਕੇ ਆਸਟਰੇਲੀਆ ਤੱਕ ਵਿਸ਼ਵ ਭਰ ਵਿਚ ਇੰਟਰਨੈੱਟ ਬੰਦ ਹੋਣ ਨਾਲ ਏਅਰਲਾਈਨਜ਼, ਬੈਂਕ, ਮੀਡੀਆ ਤੇ ਹੋਰਨਾਂ ਦਫ਼ਤਰਾਂ ਦਾ ਕੰਮਕਾਜ ਪ੍ਰਭਾਵਿਤ ਹੋਇਆ ਹੈ। ਇੰਟਰਨੈੱਟ ਬੰਦ ਹੋਣ ਕਰਕੇ ਕੁੱਲ ਆਲਮ ਦੇ ਮਾਈਕਰੋਸਾਫਟ ਵਰਤੋਂਕਾਰਾਂ ਖਾਸ ਕਰਕੇ ਬੈਂਕਾਂ ਤੇ ਏਅਰਲਾਈਨਾਂ ਨੂੰ ਖਾਸੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਈਕਰੋਸਾਫ਼ਟ ਨੇ ਕਿਹਾ ਕਿ ਇੰਟਰਨੈੱਟ ਬੰਦ ਹੋਣ ਨਾਲ ਮਾਈਕਰੋਸਾਫਟ 365 ਐਪਸ ਤੇ ਸੇਵਾਵਾਂ ਤੱਕ ਰਸਾਈ ਅਸਰਅੰਦਾਜ਼ ਹੋਈ ਹੈ ਤੇ ਉਸ ਵੱਲੋਂ ਤਕਨੀਕੀ ਨੁਕਸ ਦੂਰ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦੌਰਾਨ ਭਾਰਤੀ ਏਅਰਲਾਈਨਾਂ ਨੇ ਵੀ ਉਨ੍ਹਾਂ ਦੇ ਸਿਸਟਮ ਪ੍ਰਭਾਵਿਤ ਹੋਣ ਬਾਰੇ ਦਾਅਵਾ ਕੀਤਾ ਹੈ। ਏਅਰਲਾਈਨਾਂ ਨੇ ਇਕ ਐੜਵਾਈਜ਼ਰੀ ਵਿਚ ਕਿਹਾ ਕਿ ਯਾਤਰੀ ਹਵਾਈ ਅੱਡਿਆਂ 'ਤੇ ਖੱਜਲ ਖੁਆਰੀ ਤੋਂ ਬਚਣ ਲਈ ਆਪਣੀਆਂ ਉਡਾਣਾਂ ਸਬੰਧੀ ਜਾਣਕਾਰੀ ਲਈ ਸਬੰਧਤ ਏਅਰਲਾਈਨਾਂ ਨਾਲ ਸੰਪਰਕ ਕਰਨ। ਉਧਰ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਉਹ ਮਾਈਕੋਸਾਫਟ ਦੇ ਸੰਪਰਕ ਵਿਚ ਹਨ। ਵੈਸ਼ਨਵ ਨੇ ਦਾਅਵਾ ਕੀਤਾ ਕਿ ਮਾਈਕਰੋਸਾਫਟ ਦੇ ਸਰਵਰ ਵਿਚ ਪਏ ਨੁਕਸ ਨਾਲ ਨੈਸ਼ਨਲ ਇਨਫਰਮੈਟਿਕਸ ਸੈਂਟਰ ਦੇ ਨੈੱਟਵਰਕ ਨੂੰ ਕੋਈ ਫਰਕ ਨਹੀਂ ਪਿਆ।

ਬੰਗਲਾਦੇਸ਼ ਵਿਚ ਸਾਰੇ ਭਾਰਤੀ ਸੁਰੱਖਿਅਤ: ਵਿਦੇਸ਼ ਮੰਤਰਾਲਾ

ਨਵੀਂ ਦਿੱਲੀ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਗੁਆਂਢੀ ਦੇਸ਼ ਵਿਚ ਜਾਰੀ ਹਿੰਸਕ ਪ੍ਰਦਰਸ਼ਨਾਂ ਦੇ ਚਲਦਿਆਂ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਥੇ ਸਥਿਤ ਸਾਰੇ ਭਾਰਤੀ ਸੁਰੱਖਿਅਤ ਹਨ ਅਤੇ ਦਿੱਲੀ ਬੰਗਲਾਦੇਸ਼ ਦੇ ਅਧਿਕਾਰੀਆਂ ਦੇ ਸੰਪਰਕ ਵਿਚ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤੀ ਨਾਗਰਿਕਾਂ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਵਿਭਾਗ ਦੇ ਮੰਤਰੀ ਐੱਸ ਜੈਸ਼ੰਕਰ ਸਥਿਤੀ 'ਤੇ ਖ਼ੁਦ ਨਜ਼ਰ ਰੱਖ ਰਹੇ ਹਨ। ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਉਥੇ 8500 ਵਿਦਿਆਰਥੀ ਅਤੇ ਵੱਖ ਵੱਖ ਸਥਾਨਾਂ 'ਤੇ 15000 ਦੇ ਕਰੀਬ ਭਾਰਤੀ ਨਾਗਰਿਕ ਹਨ। ਉਨ੍ਹਾਂ ਕਿਹਾ ਕਿ ਸਾਡੇ ਭਾਰਤੀ ਨਾਗਰਿਕ ਸੁਰੱਖਿਅਤ ਹਨ।

ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਵਿੱਚ ਸਰਕਾਰੀ ਨੌਕਰੀਆਂ ਵਿੱਚ ਵਿਵਾਦਤ ਕੋਟਾ ਪ੍ਰਣਾਲੀ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਤੇਜ਼ ਹੋ ਗਿਆ ਹੈ, ਜਿਸ ਦੌਰਾਲ ਕਈ ਪ੍ਰਦਰਸ਼ਨਕਾਰੀ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋ ਗਏ।-

ਪੰਜਾਬ 'ਚ ਨਿਗਮ ਤੇ ਪੰਚਾਇਤ ਚੋਣਾਂ ਦਾ ਐਲਾਨ ਕਿਸੇ ਵੇਲੇ ਵੀ ਸੰਭਵ

ਚੰਡੀਗੜ੍ਹ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਥਾਨਕ ਸਰਕਾਰਾਂ ਤੇ ਪੇਂਡੂ ਵਿਕਾਸ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਦੀ ਸ਼ੁੱਕਰਵਾਰ ਬਾਅਦ ਦੁਪਹਿਰ ਬੈਠਕ ਸੱਦੀ ਹੈ, ਜਿਸ ਵਿਚ ਮੁੱਖ ਸਕੱਤਰ, ਸੂਬਾਈ ਚੋਣ ਕਮਿਸ਼ਨਰ ਤੇ ਐਡਵੋਕੇਟ ਜਨਰਲ ਵੀ ਸ਼ਾਮਲ ਹੋਣਗੇ। ਇਸ ਬੈਠਕ ਨਾਲ ਇਨ੍ਹਾਂ ਕਿਆਸਾਂ ਨੇ ਜ਼ੋਰ ਫੜ ਲਿਆ ਹੈ ਕਿ ਪੰਜਾਬ ਦੀ 'ਆਪ' ਸਰਕਾਰ ਸੂਬੇ ਵਿਚ ਨਿਗਮ ਤੇ ਪੰਚਾਇਤ ਚੋਣਾਂ ਦਾ ਐਲਾਨ ਕਿਸੇ ਵੇਲੇ ਵੀ ਕਰ ਸਕਦੀ ਹੈ। ਪੰਜਾਬ ਦੀਆਂ 13241 ਪੰਚਾਇਤਾਂ ਭੰਗ ਕਰਕੇ ਇਨ੍ਹਾਂ ਦੇ ਪ੍ਰਸ਼ਾਸਕ ਲਾਏ ਜਾ ਚੁੱਕੇ ਹਨ ਅਤੇ ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ ਤੇ ਪਟਿਆਲਾ-ਪੰਜ ਨਗਰ ਨਿਗਮਾਂ ਦੀਆਂ ਚੋਣਾਂ ਵੀ ਬਕਾਇਆ ਹਨ।

ਜਗਦੀਸ਼ ਟਾਈਟਲਰ ਵਿਰੁੱਧ ਦੋਸ਼ ਆਇਦ ਕਰਨ ਦਾ ਫੈਸਲਾ ਸੁਰੱਖਿਅਤ ਰੱਖਿਆ

ਨਵੀਂ ਦਿੱਲੀ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



1984 ਵਿਚ ਪੁਲ ਬੰਗਸ਼ ਇਲਾਕੇ ਵਿਚ ਸਿੱਖਾਂ ਦੇ ਕਤਲ ਨਾਲ ਸਬੰਧਤ ਮਾਮਲੇ ਵਿਚ ਕੌਮੀ ਜਾਂਚ ਏਜੰਸੀ ਦੇ ਕੇਸ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਰੋਜ਼ ਐਵੇਨਿਊ ਅਦਾਲਤ ਨੇ ਦੋਸ਼ ਤੈਅ ਕਰਨ ਤੇ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਅਦਾਲਤ ਵੱਲੋਂ ਦੋਸ਼ਾਂ ਬਾਰੇ 2 ਅਗਸਤ ਨੂੰ ਹੁਕਮ ਸੁਣਾਏ ਜਾਣ ਦੀ ਸੰਭਾਵਨਾ ਹੈ। ਸੀਬੀਆਈ ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਸੀਬੀਆਈ ਅਤੇ ਜਗਦੀਸ਼ ਟਾਈਟਲਰ ਦੇ ਵਕੀਲਾਂ ਦੇ ਪੱਖ ਸੁਣਨ ਤੋਂ ਬਾਅਦ ਦੋਸ਼ ਆਇਦ ਕਰਨ ਬਾਰੇ ਹੁਕਮ ਰਾਖਵੇਂ ਰੱਖੇ ਹਨ।

ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਮਨੂ ਸ਼ਰਮਾ ਨੇ ਦੂਰਦਰਸ਼ਨ ਦੀ ਇਕ ਵੀਡੀਓ ਰਾਹੀਂ ਦਲੀਲ ਦਿੱਤੀ ਕਿ ਵੀਡੀਓ ਮੁਤਾਬਕ ਟਾਈਟਲਰ ਕਥਿਤ ਘਟਨਾ ਵਾਲੇ ਦਿਨ ਟੀਨ ਮੋਰਚਰੀ ਹਾਊਸ ਚ ਮੌਜੂਦ ਸੀ ਜਿਥੇ ਇੰਦਰਾ ਗਾਂਧੀ ਦੀ ਦੇਹ ਰੱਖੀ ਹੋਈ ਸੀ।

ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੇ ਕੇਂਦਰ ਤੋਂ 10,000 ਕਰੋੜ ਮੰਗੇ

ਨਵੀਂ ਦਿੱਲੀ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੇਂਦਰ ਤੋਂ 10,000 ਕਰੋੜ ਦੀ ਮੰਗ ਕਰਦਿਆਂ ਦਾਅਵਾ ਕੀਤਾ ਕਿ ਬੀਤੇ ਵਰ੍ਹੇ ਦੋ ਲੱਖ ਕਰੋੜ ਰੁਪਏ ਦਾ ਆਮਦਨ ਟੈਕਸ ਦੇਣ ਦੇ ਬਾਵਜੂਦ ਦਿੱਲੀ ਨੂੰ ਕੱਝ ਨਹੀਂ ਮਿਲਿਆ।

ਆਤਿਸ਼ੀ ਨੇ ਕਿਹਾ ਕਿ ਦਿੱਲੀ ਨੇ ਕੇਂਦਰੀ ਕਰ ਵਿਚ ਜੀਐੱਸਟੀ ਦੇ ਰੂਪ ਵਿਚ 25000 ਕਰੋੜ ਰੁਪਏ ਦਾ ਯੋਗਦਾਨ ਦਿੱਤਾ ਹੈ।

ਕੇਂਦਰ ਸਰਕਾਰ ਦਾ ਸਲਾਨਾ ਬਜਟ ਆਉਣ ਤੋਂ ਪਹਿਲਾਂ ਇਹ ਰਾਸ਼ੀ ਜਾਰੀ ਕਰਨ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਰਾਸ਼ੀ ਸੜਕਾਂ, ਅਵਾਜਾਈ, ਅਤੇ ਬਿਜਲੀ ਖੇਤਰ ਦੇ ਬੁਨਿਆਦੀ ਢਾਂਚੇ ਤੋਂ ਇਲਾਵਾ ਸ਼ਹਿਰ ਦੇ ਸੁੰਦਰੀਕਰਨ ਤੇ ਖਰਚ ਕੀਤੀ ਜਾ ਸਕਦੀ ਹੈ।

ਇਸ ਦੌਰਾਨ ਭਾਜਪਾ ਦੀ ਦਿੱਲੀ ਇਕਾਈ ਦੇ ਸਕੱਤਰ ਹਰੀਸ਼ ਖੁਰਾਣਾ ਨੇ ਮੰਤਰੀ ਤੇ ਇਸ ਮੁੱਦੇ 'ਤੇ ਝੂਠ ਬੋਲਣ ਦਾ ਦੋਸ਼ ਲਾਉਂਦਿਆਂ ਜਵਾਬੀ ਹਮਲਾ ਕੀਤਾ। ਖੁਰਾਣਾ ਨੇ ਦਾਅਵਾ ਕੀਤਾ ਕਿ ਕੇਂਦਰ ਨੇ 2015 ਵਿੱਚ ਦਿੱਲੀ ਸਰਕਾਰ ਨੂੰ 4,258 ਕਰੋੜ ਰੁਪਏ ਦਿੱਤੇ ਸਨ, ਜੋ 2022 ਵਿੱਚ ਵੱਧ ਕੇ 11,945 ਕਰੋੜ ਰੁਪਏ ਹੋ ਗਏ।

ਆਧਾਰ ਆਪਰੇਟਰਾਂ ਅਤੇ ਸੁਪਰਵਾਈਜ਼ਰਾਂ ਲਈ ਪੰਜਾਬੀ ਯੂਨੀਵਰਸਿਟੀ ਵਿਖੇ ਇੱਕ ਰੋਜ਼ਾ ਰਾਜ ਪੱਧਰੀ ਮੈਗਾ ਸਿਖਲਾਈ

ਪਟਿਆਲਾ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਯੂ.ਆਈ.ਡੀ.ਏ.ਆਈ ਦੇ ਚੰਡੀਗੜ੍ਹ ਸਥਿਤ ਖੇਤਰੀ ਦਫਤਰ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਆਧਾਰ ਆਪਰੇਟਰਾਂ ਅਤੇ ਸੁਪਰਵਾਈਜ਼ਰਾਂ ਲਈ ਇੱਕ ਰੋਜ਼ਾ ਰਾਜ ਪੱਧਰੀ ਮੈਗਾ ਸਿਖਲਾਈ ਪ੍ਰੋਗਰਾਮ ਕੀਤਾ। ਸਮਾਗਮ ਦਾ ਉਦਘਾਟਨ ਯੂ.ਆਈ.ਡੀ.ਏ.ਆਈ, ਚੰਡੀਗੜ੍ਹ ਦੇ ਡਾਇਰੈਕਟਰ ਸੰਜੀਵ ਮਹਾਜਨ ਨੇ ਕੀਤਾ।

ਵਰਕਸ਼ਾਪ ਵਿੱਚ ਲਗਭਗ 125 ਪ੍ਰਤੀਭਾਗੀਆਂ ਨੇ ਹਿੱਸਾ ਲਿਆ, ਜਿਸ ਵਿੱਚ ਆਧਾਰ ਈਕੋਸਿਸਟਮ, ਨਿਯਮਾਂ ਅਤੇ ਪ੍ਰਕਿਰਿਆਵਾਂ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਸਿਖਲਾਈ ਦਿੱਤੀ ਗਈ। ਡਾਇਰੈਕਟਰ ਸੰਜੀਵ ਮਹਾਜਨ ਨੇ ਦੱਸਿਆ ਕਿ ਸਿਖਲਾਈ ਦਾ ਉਦੇਸ਼ ਆਧਾਰ ਆਪਰੇਟਰਾਂ ਨੂੰ ਆਪਣੇ ਫਰਜ਼ਾਂ ਨੂੰ ਹੋਰ ਕੁਸ਼ਲਤਾ ਨਾਲ ਨਿਭਾਉਣ ਅਤੇ ਰਾਜ ਦੇ ਵਸਨੀਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਬਣਾਉਣਾ ਹੈ। ਸੰਜੀਵ ਮਹਾਜਨ ਨੇ ਯੂ. ਆਈ. ਡੀ.ਏ.ਆਈ, ਨਿਯਮਾਂ ਅਤੇ ਨਵੀਨਤਮ ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਲੋੜ @ਤੇ ਜ਼ੋਰ ਦਿੱਤਾ ਤਾਂ ਜੋ ਰਾਜ ਦੇ ਵਸਨੀਕਾਂ ਲਈ ਗਲਤੀਆਂ ਅਤੇ ਮੁਸ਼ਕਲਾਂ ਦੀ ਸੰਭਾਵਨਾ ਨੂੰ ਘੱਟ ਕੀਤਾ ਜਾ ਸਕੇ। ਵੱਖ-ਵੱਖ ਸੈਸ਼ਨਾਂ ਮੌਕੇ ਆਧਾਰ ਦੇ ਸਿਧਾਂਤਾਂ ਅਤੇ ਈਕੋਸਿਸਟਮ ਦੀ ਇੱਕ ਵਿਆਪਕ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ।

ਇਸ ਮੌਕੇ ਉਨ੍ਹਾਂ ਸਾਰੇ ਨਾਗਰਿਕਾਂ ਵਲੋਂ ਦਸਤਾਵੇਜ਼ ਅਪਡੇਟ ਕੀਤੇ ਜਾਣ @ਤੇ ਵੀ ਜ਼ੋਰ ਦਿੱਤਾ ਗਿਆ, ਜਿਨ੍ਹਾਂ ਨੇ ਪਿਛਲੇ 10 ਸਾਲਾਂ ਵਿੱਚ ਆਪਣਾ ਆਧਾਰ ਅਪਡੇਟ ਨਹੀਂ ਕੀਤਾ ਹੈ। ਆਪਰੇਟਰਾਂ ਨੂੰ ਉੱਚ ਪੱਧਰੀ ਜਨਤਕ ਵਿਵਹਾਰ ਨੂੰ ਯਕੀਨੀ ਬਣਾਉਣ ਲਈ ਨਰਮ ਹੁਨਰ, ਯੂ.ਆਈ.ਡੀ.ਏ.ਆਈ, ਵਿਜ਼ਨ ਅਤੇ ਨੈਤਿਕਤਾ ਬਾਰੇ ਵੀ ਸਿਖਲਾਈ ਦਿੱਤੀ ਗਈ।

5 ਤੋਂ 7 ਸਾਲ ਤੇ 15 ਤੋਂ 17 ਸਾਲ ਦੇ ਬੱਚਿਆਂ ਦਾ ਆਧਾਰ ਅੱਪਡੇਟ ਕਰਵਾਉਣਾ ਜ਼ਰੂਰੀ : ਡਿਪਟੀ ਕਮਿਸ਼ਨਰ

ਪਟਿਆਲਾ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਆਧਾਰ ਕਾਰਡ ਨੂੰ ਸਮੇਂ ਸਮੇਂ 'ਤੇ ਅੱਪਡੇਟ ਕਰਵਾਉਣਾ ਬਹੁਤ ਜ਼ਰੂਰੀ ਹੈ ਨਹੀਂ ਲੋੜ ਸਮੇਂ ਆਧਾਰ ਕਾਰਡ ਅੱਪਡੇਟ ਨਾ ਹੋਣ ਕਾਰਨ ਨਾਗਰਿਕਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਨੀਟ ਜਾ ਫੇਰ ਹੋਰ ਦਾਖਲੇ ਦੀਆਂ ਪ੍ਰੀਖਿਆਵਾਂ ਸਮੇਂ ਵਿਦਿਆਰਥੀਆਂ ਵੱਲੋਂ ਆਧਾਰ ਕਾਰਡ 'ਚ ਆਪਣਾ ਬਾਇਓਮੀਟ੍ਰਿਕ ਅੱਪਡੇਟ ਨਾ ਕਰਵਾਉਣ ਕਾਰਨ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਾਰਨ ਪੈਦਾ ਹੈ, ਇਸ ਲਈ ਸਮੇਂ ਸਮੇਂ 'ਤੇ ਆਧਾਰ ਕਾਰਡ ਨੂੰ ਅੱਪਡੇਟ ਕਰਵਾਇਆ ਜਾਵੇ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਪੱਧਰੀ ਆਧਾਰ ਨਿਗਰਾਨ ਕਮੇਟੀ ਦੀ ਬੈਠਕ ਦੀ ਪ੍ਰਧਾਨਗੀ ਕਰ ਰਹੇ ਸਨ।

ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ 5 ਤੋਂ 7 ਸਾਲ ਅਤੇ 15 ਤੋਂ 17 ਸਾਲ ਦੇ ਬੱਚਿਆਂ ਦਾ ਆਧਾਰ ਕਾਰਡ (ਬਾਇਓਮੀਟ੍ਰਿਕ)

ਸਰਕਾਰੀ ਮਲਟੀਪਰਪਜ਼ ਸਕੂਲ 'ਚ ਕਰਵਾਇਆ ਵਾਤਾਵਰਨ ਚੇਤਨਾ ਸਮਾਗਮ

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਸਕੂਲ 'ਚ ਬੂਟੇ ਲਗਾਕੇ ਵਿਦਿਆਰਥੀਆਂ ਨੂੰ ਕੀਤਾ ਪ੍ਰੇਰਿਤ

ਪਟਿਆਲਾ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਟੀ ਪਰਪਜ਼ ਪਟਿਆਲਾ ਵਿਖੇ ਬੂਟੇ ਲਗਾ ਕੇ ਵਿਦਿਆਰਥੀਆਂ ਨੂੰ ਬੂਟੇ ਲਗਾਉਣ ਦੀ ਮੁਹਿੰਮ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ।

ਸਕੂਲ ਦੇ ਪ੍ਰਿੰਸੀਪਲ ਵਿਜੇ ਕਪੂਰ ਦੀ ਅਗਵਾਈ ਵਿੱਚ ਕਰਵਾਏ ਗਏ ਵਾਤਾਵਰਣ ਚੇਤਨਾ ਸਮਾਗਮ 'ਚ ਪੁੱਜੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨੌਜਵਾਨਾਂ ਨੂੰ ਆਪਣੀ ਊਰਜਾ ਸਕਾਰਾਤਮਕ ਕੰਮਾਂ ਵਿੱਚ ਲਾ ਕੇ ਵਾਤਾਵਰਨ ਦੀ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੂਟੇ ਲਗਾਉਣ ਦਾ ਇਹ ਸਭ ਤੋਂ ਵੱਧ ਢੁਕਵਾਂ ਸਮਾਂ ਹੈ ਤੇ ਹਰੇਕ ਵਿਦਿਆਰਥੀ ਜਿਥੇ ਬੂਟੇ ਲਗਾਉਣ ਦੀ ਮੁਹਿੰਮ ਦਾ ਹਿੱਸਾ ਬਣਕੇ ਬੂਟੇ ਲਗਾਵੇ ਉਥੇ ਹੀ ਹੋਰਨਾਂ ਨੂੰ ਵੀ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਗਾਉਣ ਲਈ ਜਾਗਰੂਕ ਕਰੇ।

ਇਸ ਮੌਕੇ ਵਿਦਿਆਰਥੀਆਂ, ਅਧਿਆਪਕਾਂ, ਐਨਸੀਸੀ ਕੈਡਟ ਏਅਰ ਵਿੰਗ ਅਤੇ ਐਨਐਸਐਸ ਵਲੰਟੀਅਰ ਵੱਲੋਂ ਮਿਲ ਕੇ ਸਕੂਲ ਦੇ ਚੁਗਿਰਦੇ ਵਿੱਚ ਟਰੀ ਗਾਰਡ ਸਮੇਤ ਉੱਤਮ ਕਿਸਮ ਦੇ ਛਾਂ ਦਾਰ ਬੂਟੇ ਲਾਏ ਗਏ ਜਿਸ ਦਾ ਆਗਾਜ਼ ਸ਼ੌਕਤ ਅਹਿਮਦ ਪਰੇ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਮੌਕੇ ਪ੍ਰੋਗਰਾਮ ਕੋਆਰਡੀਨੇਟਰ ਲੈਕਚਰਾਰ ਜਤਿੰਦਰਪਾਲ ਸਿੰਘ, ਸਵਰਨ ਲਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵੱਲੋਂ ਅਧਿਆਪਕ ਸਾਹਿਬਾਨ ਨੇ ਆਪਣਾ ਯੋਗਦਾਨ ਪਾ ਕੇ ਟਰੀਗਾਰਡ ਤਿਆਰ ਕਰਵਾਏ ਹਨ। ਜਿਸ ਵਿੱਚ ਮੁੱਖ ਸਹਿਯੋਗ ਲੈਕਚਰਾਰ ਸੁਖਵਿੰਦਰ ਸਿੰਘ, ਹਰਿੰਦਰ ਕੌਰ ,ਜਸਵੀਰ ਕੌਰ, ਅਮਰਜੀਤ ਕੌਰ, ਕਸ਼ਮਾ ਰਾਣੀ, ਪ੍ਰੀਆ ਰਾਣੀ ,ਲੈਕਚਰਾਰ ਰਸ਼ਪਾਲ ਸਿੰਘ, ਸ਼ਿਵਾਨੀ ਗੋਇਲ, ਰਾਜਵਿੰਦਰ ਕੌਰ, ਅਮਨਦੀਪ ਕੌਰ, ਜਪਇੰਦਰਪਾਲ ਸਿੰਘ, ਰਣਜੀਤ ਸਿੰਘ ਬੀਰੋਕੇ ਨੇ ਕੀਤਾ ਹੈ।

ਪ੍ਰਿੰਸੀਪਲ ਵਿਜੇ ਕਪੂਰ ਨੇ ਸਕੂਲ ਵਿਖੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਗਰੀਨ ਮੁਹਿੰਮ ਨੂੰ ਇਸੇ ਤਰ੍ਹਾਂ ਜਾਰੀ ਰੱਖਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।

ਇਸ ਮੌਕੇ ਲੈਕਚਰਾਰ ਦਹਿਰਿਆਕਾਂਤ, ਸਵਰਨ ਲਾਲ, ਜਤਿੰਦਰਪਾਲ ਸਿੰਘ, ਸੋਹਨ ਲਾਲ ਸ਼ੇਰ ਮਾਜਰਾ, ਸੁਰਜੀਤ ਸਿੰਘ ਸਰਾਓ, ਮੈਡਮ ਸਰਬਜੀਤ ਕੌਰ, ਏਐਨਓ ਏਅਰ ਵਿੰਗ ਰਵਿੰਦਰ ਸਿੰਘ, ਸੀਤਲ ਚੰਦ ਅਤੇ ਹਿਤੇਸ਼ ਵਾਲੀਆ ਨੇ ਆਪਣਾ ਭਰਪੂਰ ਸਹਿਯੋਗ ਦਿੱਤਾ।

ਬਹਾਦਰਗੜ੍ਹ ਕਮਾਂਡੋ ਟ੍ਰੇਨਿੰਗ ਸੈਂਟਰ ਵਿੱਚ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ 700 ਪੌਦੇ ਲਗਾਏ

ਪਟਿਆਲਾ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਕਮਾਂਡੋ ਕਿਲਾ ਸੈਂਟਰ ਟ੍ਰੇਨਿੰਗ ਬਹਾਦਰਗੜ੍ਹ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਡੀਜੀਪੀ ਪੰਜਾਬ ਗੌਰਵ ਯਾਦਵ ਅਤੇ ਡੀਜੀਪੀ ਈਸ਼ਵਰ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ 7 00 ਫਲਦਾਰ ਬੂਟੇ ਲਗਾਏ ਗਏ। ਇਸ ਮੌਕੇ ਤੇ ਬਹਾਦਰਗੜ੍ਹ ਟ੍ਰੇਨਿੰਗ ਸੈਂਟਰ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਵੱਲੋਂ ਵੀ ਆਪਣਾ ਯੋਗਦਾਨ ਪਾਇਆ ਗਿਆ।

ਕਮਾਂਡੋ ਟ੍ਰੇਨਿੰਗ ਸੈਂਟਰ ਕਮਾਂਡੈਂਟ ਗੁਰਪ੍ਰੀਤ ਸਿੰਘ ਵੱਲੋਂ ਬੂਟੇ ਲਗਾ ਕੇ ਇਕ ਚੰਗਾ ਸੰਦੇਸ਼ ਦਿੱਤਾ ਗਿਆ। ਵੱਖ ਵੱਖ ਤਰ੍ਹਾਂ ਦੇ ਬੂਟੇ ਲਗਾਏ ਜਿਸ ਵਿੱਚ ਕਈ ਛਾਏਦਾਰ ਤੇ ਕਈ ਫਲਦਾਰ ਬੂਟੇ ਵੀ ਲਗਾਏ ਗਏ। ਇਸ ਮੌਕੇ ਤੇ ਹਰਦੀਪ ਸਿੰਘ ਬਡੂੰਗਰ ਡੀਐਸਪੀ ਜਗਜੀਤ ਸਿੰਘ ਡੀਐਸਪੀ, ਕੁਲਵਿੰਦਰ ਸਿੰਘ, ਸੰਦੀਪ ਕੁਮਾਰ , ਨਰੇਸ਼ ਕੁਮਾਰ, ਇੰਸਪੈਕਟਰ ਪਲਵਿੰਦਰ ਸਿੰਘ ਅਤੇ ਹੋਰ ਵੀ ਕਮਾਂਡੋ ਟ੍ਰੇਨਿੰਗ ਸੈਂਟਰ ਵਿੱਚ ਸਿੱਖਿਆ ਲੈ ਰਹੇ ਅਧਿਕਾਰੀ ਸ਼ਾਮੋ ਸਨ। ਕਮਾਂਡੈਂਟ ਕਮਾਂਡੋ ਟ੍ਰੇਨਿੰਗ ਸੈਂਟਰ ਗੁਰਪ੍ਰੀਤ ਸਿੰਘ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਸਾਡਾ ਵਾਤਾਵਰਨ ਪੌਦਿਆਂ ਦੀ ਘਾਟ ਕਾਰਨ ਖਰਾਬ ਹੁੰਦਾ ਜਾ ਰਿਹਾ ਤੇ ਦਿਨ ਪ੍ਰਤੀ ਦਿਨ ਬਿਮਾਰੀਆਂ ਫੈਲ ਰਹੀਆਂ ਹਨ ਸਾਡਾ ਸਾਰਿਆਂ ਦਾ ਫਰਜ਼ ਬਣਦਾ ਕਿ ਸਾਨੂੰ ਆਪਣੇ ਜੀਵਨ ਨੂੰ ਬਚਾਉਣ ਦੇ ਲਈ ਅਤੇ ਵਾਤਾਵਰਨ ਦੀ ਸੰਭਾਲ ਦੇ ਲਈ ਇੱਕ ਪੌਧਾ ਜਰੂਰ ਲਗਾਣਾ ਚਾਹੀਦਾ ਜਿਸ ਨਾਲ ਸਾਡਾ ਵਾਤਾਵਰਨ ਹਰਿਆ ਭਰ ਰਹੇ ਅਤੇ ਬਿਮਾਰੀਆਂ ਤੋਂ ਬਚਾਅ ਹੋ ਸਕੇ।

ਸੀ.ਐੱਚ.ਸੀ. ਮਾਛੀਵਾੜਾ ਵਲੋਂ ਸਕੂਲ ਹੈਲਥ ਸਕੀਮ ਤਹਿਤ ਬੱਚਿਆਂ ਦੇ ਮੁਫ਼ਤ ਅਪ੍ਰੇਸ਼ਨ ਕਰਵਾਏ ਗਏ

ਮਾਛੀਵਾੜਾ ਸਾਹਿਬ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰ ਵਲੋਂ ਚਲਾਏ ਜਾ ਰਹੇ ਸਕੂਲ ਹੈਲਥ ਪ੍ਰੋਗਰਾਮ ਅਤੇ ਸਿਵਲ ਸਰਜਨ ਲੁਧਿਆਣਾ ਡਾ.ਜਸਵੀਰ ਸਿੰਘ ਔਲਖ ਦੀ ਅਗਵਾਈ ਹੇਠ ਅਤੇ ਸੀ.ਐਚ.ਸੀ. ਮਾਛੀਵਾੜਾ ਦੇ ਸੀਨੀਅਰ ਮੈਡੀਕਲ ਅਫਸਰ ਡਾ.ਜਸਦੇਵ ਸਿੰਘ ਦੇ ਅਧੀਨ ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ ਸੀ.ਐਚ.ਸੀ.ਮਾਛੀਵਾੜਾ ਦੀ ਸਕੂਲ ਹੈਲਥ ਟੀਮ ਵਲੋਂ ਸਰਕਾਰੀ ਸਕੂਲਾਂ ਵਿੱਚ ਜਾ ਕੇ ਬੱਚਿਆਂ ਦਾ ਹੈਲਥ ਚੈੱਕਅੱਪ ਕੀਤਾ ਜਾਦਾ ਹੈ ਇਸ ਚੈੱਕ-ਅਪ ਦੋਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਮਾਛੀਵਾੜਾ ਵਿੱਚ ਛੇਵੀਂ ਜਮਾਤ ਵਿੱਚ ਪੜਦੇ ਬੱਚੇ ਜਿਸਦੀ ਉਮਰ ਲਗਭਗ 10 ਸਾਲ ਅਤੇ ਦੂਸਰਾ ਬੱਚਾ ਜਿਸਦੀ ਉਮਰ 7 ਸਾਲ ਹੈ ਸਰਕਾਰੀ ਪ੍ਰਾਇਮਰੀ ਸਕੂਲ ਮਿੱਠੇਵਾਲ ਵਿੱਚ ਪੜਦੇ ਸਨ, ਜੋ ਕਿ ਦਿਲ ਦੀ ਬਿਮਾਰੀ ਨਾਲ ਗ੍ਰਸਤ ਪਾਏ ਗਏ ਅਤੇ ਉਨ੍ਹਾ ਦਾ ਮੁਫਤ ਦਿਲ ਦਾ ਅਪਰੇਸ਼ਨ ਫੋਰਟਿਸ ਹਸਪਤਾਲ ਮੋਹਾਲੀ ਵਿੱਚ ਕਰਵਾਇਆ ਗਿਆ। ਜਿਸਦਾ ਪ੍ਰਾਈਵੇਟ ਇਲਾਜ ਦਾ ਖਰਚਾ ਲਗਭਗ 4 ਤੋਂ 5 ਲੱਖ ਹੋ ਸਕਦਾ ਸੀ ਪਰ ਸੀ.ਐੱਚ.ਸੀ.ਮਾਛੀਵਾੜਾ ਵਲੋਂ ਇਹ ਇਲਾਜ ਫਰੀ ਕਰਵਾਇਆ ਗਿਆ। ਸਕੂਲ ਹੈਲਥ ਟੀਮ ਦੇ ਇੰਚਾਰਜ ਡਾ.ਰਸ਼ਪਾਲ ਸਿੰਘ ਏ.ਐੱਮ.ਓ ਅਤੇ ਡਾ.ਸਤਵਿੰਦਰ ਕੋਰ ਏ.ਐੱਮ.ਓ ਦੇ ਦੱਸਣ ਮੁਤਾਬਕ ਦੋਵੇਂ ਬੱਚੇ ਬਿਲਕੁੱਲ ਤੰਦਰੁਸਤ ਹਨ, ਤੇ ਕੁਝ ਹੋਰ ਵੀ ਬੱਚੇ ਹਨ ਜਿਹੜੇ ਕਿ ਅਜੇ ਇਲਾਜ ਅਧੀਨ ਹਨ। ਦੋਵੇਂ ਬੱਚਿਆਂ ਦੇ ਪਰਿਵਾਰਕ ਮੈਂਬਰਾਂ ਨੇ

ਸਖੀ ਵਨ ਸਟਾਪ ਸੈਂਟਰ ਵੱਲੋਂ ਸਕੂਲਾਂ ਵਿੱਚ ਲਗਾਏ ਗਏ ਜਾਗਰੂਕਤਾ ਕੈਂਪ

ਫਤਹਿਗੜ੍ਹ ਸਾਹਿਬ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਖੀ ਵਨ ਸਟਾਪ ਸੈਂਟਰ ਅਤੇ ਜਿਲ੍ਹਾ ਹਬ ਫਾਰ ਇੰਮਪਾਵਰਮੈਂਟ ਆਫ ਵੂਮੈਨ ਸਕੀਮ ਦੀ ਜਾਗਰੂਕਤਾ ਲਈ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ. ਗੁਰਮੀਤ ਸਿੰਘ ਜ਼ਿਲ੍ਹਾ ਪ੍ਰੋਗਰਾਮ ਅਫਸਰ, ਜ਼ਿਲ੍ਹਾ ਦੀ ਅਗਵਾਈ ਹੇਠ ਪਿੰਡ ਸੌਂਟੀ ਦੇ ਆਂਗਣਵਾੜੀ ਸੈਂਟਰ ਤੇ ਸਰਕਾਰੀ ਹਾਈ ਸਕੂਲ,ਪਿੰਡ-ਸਲਾਣੀ, ਫਤਹਿਗੜ੍ਹ ਸਾਹਿਬ ਵਿਖੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਅਤੇ ਇਸ ਮੌਕੇ ਤੇ ਪ੍ਰਿੰਸੀਪਲ ਸ਼੍ਰੀਮਤੀ ਵੰਦਨਾ ਭੱਟੀ, ਸਰਕਾਰੀ ਹਾਈ ਸਕੂਲ, ਪਿੰਡ-ਸਲਾਣੀ, ਵਿਦਿਆਰਥੀ, ਮਨਰੇਗਾ ਵਰਕਰ ਤੇ ਹੋਰ ਸਟਾਫ ਮੈਂਬਰ ਮੌਜੂਦ ਸਨ।

ਜਾਗਰੂਕਤਾ ਕੈਂਪ ਦੀ ਸ਼ੁਰੂਆਤ ਵਿੱਚ ਇਸਦੀ ਭੂਮਿਕਾ ਸਬੰਧੀ ਜਾਣਕਾਰੀ ਦਿੰਦੇ ਹੋਏ ਵਨ ਸਟਾਪ ਸੈਂਟਰ ਦੀ ਇੰਚਾਰਜ ਰਜਨੀ ਬਾਲਾ ਵੱਲੋਂ ਦੱਸਿਆ ਗਿਆ ਕਿ ਭਾਰਤ ਸਰਕਾਰ ਵੱਲੋਂ ਇਸਤਰੀ ਅਤੇ ਬਾਲ ਵਿਕਾਸ ਮੰਤਰਾਲੇ ਅਧੀਨ ਕਿਸੇ ਵੀ ਤਰ੍ਹਾਂ ਦੀ ਹਿੰਸਾ, ਜਿਵੇਂ ਕਿ ਘਰੇਲੂ ਹਿੰਸਾ, ਤੇਜਾਬੀ ਹਮਲਾ, ਬਲਾਤਕਾਰ, ਗੈਰ-ਮਨੁੱਖੀ ਤਸਕਰੀ, ਦਹੇਜ ਪੀੜਤ ਅਤੇ ਛੇੜਛਾੜ ਤੋਂ ਪੀੜਤ ਮਹਿਲਾਵਾਂ (ਕਿਸੇ ਵੀ ਉਮਰ ਦੀ) ਨੂੰ ਇੱਕ ਛੱਤ ਹੇਠਾਂ ਸੇਵਾਵਾਂ, ਜਿਵੇਂ ਕਿ ਪੁਲਿਸ ਸਹਾਇਤਾ, ਡਾਕਟਰੀ ਸਹਾਇਤਾ, ਮਾਨਸਿਕ-ਸਮਾਜਿਕ ਕਾਉਂਸਲਿੰਗ, ਮੁਫਤ ਕਾਨੂੰਨੀ ਸਹਾਇਤਾ/ਕਾਨੂੰਨੀ ਸਲਾਹ ਮਸ਼ਵਰਾ ਅਤੇ ਪੀੜਤ ਮਹਿਲਾ ਨੂੰ ਅਸਥਾਈ ਆਸਰਾ (ਵੱਧ ਤੋਂ ਵੱਧ 5 ਦਿਨਾਂ ਲਈ) ਪ੍ਰਦਾਨ ਕਰਨ ਲਈ ਸਖੀ ਵਨ ਸਟਾਪ ਸੈਂਟਰ ਸਕੀਮ ਜਾਰੀ ਕੀਤੀ ਗਈ ਹੈ।

ਇਸ ਮੌਕੇ ਤੇ ਮਨਪ੍ਰੀਤ ਕੌਰ ਜ਼ਿਲ੍ਹਾ ਕੋਆਰਡੀਨੇਟਰ(ਮਿਸ਼ਨ ਸ਼ਕਤੀ)ਵਲੋਂ ਹਾਜਰ ਵਿਦੀਆਰਥੀਆਂ ਨੂੰ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਅਤੇ ਬੇਟੀ ਬਚਾਓ ਬੇਟੀ ਪੜਾਓ ਸਕੀਮ ਬਾਰੇ ਜਾਣਕਾਰੀ ਦਿੱਤੀ ਗਈ ।

ਭਮਾਂ ਅੱਡੇ ਨਜ਼ਦੀਕ ਝਾੜੀਆਂ 'ਚੋਂ 55 ਸਾਲਾਂ ਵਿਅਕਤੀ ਦੀ ਲਾਸ਼ ਮਿਲੀ

ਮਾਛੀਵਾੜਾ ਸਾਹਿਬ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਤੜਕਸਾਰ ਮਾਛੀਵਾੜਾ ਸਾਹਿਬ ਤੋਂ ਕਰੀਬ 8 ਕਿਲੋਮੀਟਰ ਦੀ ਦੂਰੀ ਤੇ ਕੁਹਾੜਾ ਰੋਡ ਸਥਿਤ ਪਿੰਡ ਭਮਾਂ ਦੇ ਅੱਡੇ ਨਜ਼ਦੀਕ ਇੱਕ 55 ਸਾਲਾਂ ਵਿਅਕਤੀ ਦੀ ਲਾਸ਼ ਸੜਕ ਨਾਲ ਲੱਗਦੀਆਂ ਝਾੜੀਆਂ 'ਚ ਡਿੱਗੀ ਮਿਲੀ। ਮੌਕੇ ਤੇ ਮੌਜੂਦ ਕੁਝ ਜਾਣਕਾਰ ਵਿਅਕਤੀਆਂ ਨੇ ਦੱਸਿਆ ਕਿ ਇਸ ਵਿਅਕਤੀ ਦਾ ਨਾਮ ਗੁਰਮੀਤ ਸਿੰਘ ਹੈ ਅਤੇ ਇਹ ਪਿੰਡ ਪ੍ਰਿਥੀਪੁਰ ਦਾ ਰਹਿਣ ਵਾਲਾ ਹੈ ਜੋ ਕਿ ਫੈਕਟਰੀ ਸ਼ਿਵਾ ਯੂਨਿਟ 1 ਵਿੱਚ ਲੇਬਰ ਦਾ ਕੰਮ ਕਰਦਾ ਸੀ। ਮ੍ਰਿਤਕ ਗੁਰਮੀਤ ਸਿੰਘ ਦੇ ਮੂੰਹ ਤੇ ਕਿਸੇ ਗਹਿਰੀ ਸੱਟ ਕਾਰਨ ਖ਼ੂਨ ਨਿਕਲਿਆ ਹੋਇਆ ਸੀ, ਅਤੇ ਸਰੀਰ ਦੇ ਕੁਝ ਹੋਰ ਅੰਗਾਂ ਤੇ ਵੀ ਸੱਟਾਂ ਦੇ ਛੋਟੇ-ਮੋਟੇ ਨਿਸ਼ਾਨ ਸਨ।

ਮੌਕੇ ਤੇ ਮੌਜੂਦ ਵਿਅਕਤੀਆਂ ਵੱਲੋਂ ਇਸ ਘਟਨਾ ਨੂੰ ਲੈ ਕੇ ਵੱਖ-ਵੱਖ ਪ੍ਰਤੀਕਿਰਿਆ ਦਿੱਤੀ ਜਾ ਰਹੀ ਸੀ, ਪਰ ਫਿਲਹਾਲ ਇਸ ਮਾਮਲੇ ਦਾ ਅਸਲ ਸੱਚ ਪੋਸਟ ਮਾਰਟਮ ਤੋਂ ਬਾਅਦ ਹੀ ਪਤਾ ਲਗਾਇਆ ਜਾ ਸਕਦਾ ਹੈ।

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਮੌਕੇ ਨੌਜਵਾਨਾਂ ਨੂੰ ਰੋਜ਼ਗਾਰ ਤੇ ਕਾਰੋਬਾਰ ਦੇ ਯੋਗ ਬਣਾਉਣ ਉਪਰ ਜ਼ੋਰ

ਪਟਿਆਲਾ, 20 ਜੁਲਾਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਮੌਕੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਪੰਜਾਬ ਸਰਕਾਰ ਦੀ ਨੀਤੀ ਮੁਤਾਬਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਰੋਜ਼ਗਾਰ ਤੇ ਕਾਰੋਬਾਰ ਦੇ ਯੋਗ ਬਣਾਉਣ ਉਪਰ ਜ਼ੋਰ ਦਿੱਤਾ ਗਿਆ।

ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਅਜਿਹੇ ਪ੍ਰਬੰਧ ਕੀਤੇ ਜਾਣ ਤਾਂ ਕਿ ਜ਼ਿਲ੍ਹੇ ਅੰਦਰਲੇ ਉਦਯੋਗਾਂ ਦੀ ਮੰਗ ਮੁਤਾਬਕ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇ ਤਾਂ ਕਿ ਉਨ੍ਹਾਂ ਨੂੰ ਆਪਣੇ ਜ਼ਿਲ੍ਹੇ ਅੰਦਰ ਹੀ ਚੰਗਾ ਰੋਜ਼ਗਾਰ ਮਿਲ ਸਕੇ ਅਤੇ ਉਦਯੋਗਾਂ ਦੀ ਮੰਗ ਮੁਤਾਬਕ ਉਨ੍ਹਾਂ ਨੂੰ ਮਨੁੱਖੀ ਸ਼ਕਤੀ ਮਿਲ ਸਕੇ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਤੇ ਜ਼ਿਲ੍ਹਾ ਬਿਊਰੋ ਆਫ ਰੋਜਗਾਰ ਉੱਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਸਮੂਹ ਸਵੈ ਰੋਜ਼ਗਾਰ ਸੰਸਥਾਵਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਭਾਗ ਵੱਲੋਂ ਦਿੱਤੇ ਟੀਚਿਆਂ ਅਨੁਸਾਰ ਸਵੈ ਰੋਜ਼ਗਾਰ, ਸਕਿੱਲ ਟ੍ਰੇਨਿੰਗ ਅਤੇ ਲੋਨ ਸੈਂਕਸ਼ਨ ਕੇਸਾਂ ਆਦਿ ਦੇ ਕੰਮਾਂ ਦੀ ਰਿਪੋਰਟ ਹਰ ਮਹੀਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੂੰ ਭੇਜਣਾ ਯਕੀਨੀ ਬਨਾਉਣ ਅਤੇ ਨਿਰਧਾਰਿਤ ਟੀਚਿਆਂ ਤੋਂ ਵੱਧ ਕੇ ਕੰਮ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲਾਭਪਾਤਰੀ ਨੌਜਵਾਨਾਂ ਨੂੰ ਫਾਇਦਾ ਪ੍ਰਾਪਤ ਹੋ ਸਕੇ। ਇਸ ਦੇ ਨਾਲ ਹੀ ਸਾਰੇ ਵਿਭਾਗ ਆਪਣੀਆਂ ਸਕੀਮਾਂ ਬਾਰੇ ਲਿਟਰੇਚਰ ਵੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਨੂੰ ਭੇਜਣਾ ਯਕੀਨੀ ਬਨਾਉਣ। ਸ਼ੌਕਤ ਅਹਿਮਦ ਪਰੇ ਨੇ ਸੀ.ਪਾਇਟ ਟ੍ਰੇਨਿੰਗ ਸੇਂਟਰ ਦੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਜਿਹੜੇ ਪ੍ਰਾਰਥੀ ਸੁਰੱਖਿਆਂ ਸੇਵਾਵਾਂ ਜੁਆਇਨ ਕਰਨ ਵਿੱਚ ਨਾਕਾਮਯਾਬ ਰਹੇ ਹਨ, ਉਨ੍ਹਾਂ ਦਾ ਪਿਛਲੇ ਤਿੰਨ ਸਾਲਾਂ ਦਾ ਰਿਕਾਰਡ ਭੇਜਣਾ ਯਕੀਨੀ ਬਨਾਉਣ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ, ਸੈਕੰਡਰੀ ਨੂੰ ਹਦਾਇਤ ਦਿੱਤੀ ਕਿ ਉਹ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਨਾਲ ਰਾਬਤਾ ਕਾਇਮ ਕਰਕੇ ਹਰ ਮਹੀਨੇ 2 ਕੈਰਿਅਰ ਕਾਨਫਰੰਸਾਂ ਕਰਨਗੇ ਅਤੇ ਘੱਟੋਂ ਘੱਟ 8 ਸਕੂਲਾਂ ਵਿੱਚ ਕੈਰੀਅਰ ਕਾਂਉਸਲਿੰਗ ਕਰਵਾਉਣਗੇ।

ਡਿਪਟੀ ਕਮਿਸ਼ਨਰ ਖਾੜੀ ਦੇਸ਼ਾਂ ਵਿਖੇ ਨੌਕਰੀ ਕਰਨ ਜਾਣ ਵਾਲੇ ਨੌਜਵਾਨਾਂ ਨੂੰ ਪੁਲਿਸ ਕਲਿਅਰੇਂਸ ਦੇਣ ਤੋਂ ਪਹਿਲਾਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਤੋਂ ਪ੍ਰੀ-ਡਿਪਾਟਚਰ ਟ੍ਰੇਨਿੰਗ ਸਰਟੀਫਿਕੇਟ ਦੀ ਜਾਂਚ ਜ਼ਰੂਰ ਲਈ

ਮੀਰਾਬੇਨ ਦੀ ਅਸਫਲ ਪ੍ਰੇਮ ਕਹਾਣੀ

ਡਾ. ਗੁਰਦੇਵ ਸਿੰਘ ਸਿੱਧੂ

1892 ਵਿੱਚ ਜਨਮੀ ਮਿਸ ਮੈਡਲਿਨ ਸਲੇਡ ਆਮ ਲੜਕੀਆਂ ਵਰਗੀ ਲੜਕੀ ਨਹੀਂ ਸੀ। ਬਚਪਨ ਤੋਂ ਹੀ ਅਧਿਆਤਮਿਕਤਾ ਵਿੱਚ ਰੁਚੀ ਰੱਖਣ ਵਾਲੀ ਮੈਡਲਿਨ ਸਲੇਡ ਮੁਟਿਆਰ ਉਮਰ ਵਿੱਚ ਹੀ ਮਨੁੱਖੀ ਜੀਵਨ ਦਾ ਅਰਥ ਲੱਭਣ ਵਿੱਚ ਰੁੱਝ ਗਈ। ਉਮਰ ਦੇ ਇਕੱਤੀਵੇਂ ਵਰ੍ਹੇ ਵਿੱਚ ਉਸ ਨੇ ਰੋਮਾਂ ਰੋਮਾਂ ਦੀ ਲਿਖੀ ਗਾਂਧੀ ਜੀ ਦੀ ਜੀਵਨੀ ਪੜ੍ਹੀ ਤਾਂ ਉਸ ਨੂੰ ਜਾਪਿਆ ਕਿ ਉਹ ਪਲ ਆ ਗਿਆ ਹੈ ਜਿਸਦੀ ਉਹ ਚਿਰਾਂ ਤੋਂ ਉਡੀਕ ਕਰ ਰਹੀ ਸੀ। ਉਸ ਨੂੰ ਗਾਂਧੀ ਜੀ ਦੀ ਰਹਿਨੁਮਾਈ ਵਿੱਚ ਜੀਵਨ ਦਾ ਨਵਾਂ ਰਾਹ ਲੱਭਦਾ ਪ੍ਰਤੀਤ ਹੋਇਆ। ਉਸ ਨੇ ਗਾਂਧੀ ਜੀ ਅਤੇ ਉਨ੍ਹਾਂ ਦੇ ਸੇਵਾਗ੍ਰਾਮ ਆਸ਼ਰਮ ਦੇ ਅਨੁਸ਼ਾਸਨ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਤਾਂ ਮਹਿਸੂਸ ਕੀਤਾ ਕਿ ਉਸ ਨੂੰ 'ਬਾਪੂ' ਦੀ ਸੰਗਤ ਵਿੱਚ ਜਾਣ ਤੋਂ ਪਹਿਲਾਂ ਆਪਣੇ ਆਪ ਨੂੰ ਆਤਮਿਕ ਅਤੇ ਸਰੀਰਿਕ ਤੌਰ ਉੱਤੇ ਤਿਆਰ ਕਰਨ ਦੀ ਲੋੜ ਹੈ। ਫਲਸਰੂਪ, ਉਹ ਗਾਂਧੀ ਜੀ ਦੀ ਸੋਚ ਨਾਲ ਜੁੜਨ ਵਾਸਤੇ ਉਨ੍ਹਾਂ ਦੁਆਰਾ ਪ੍ਰਕਾਸ਼ਿਤ ਸਪਤਾਹਿਕ 'ਯੰਗ ਇੰਡੀਆ' ਦੀ ਨਿਯਮਿਤ ਪਾਠਕ ਬਣ ਗਈ; ਸ਼ਰਾਬ ਪੀਣੀ ਛੱਡ ਦਿੱਤੀ ਅਤੇ ਸ਼ੁੱਧ ਸ਼ਾਕਾਹਾਰੀ ਭੋਜਨ ਲੈਣ ਲੱਗੀ।

ਕਿੱਥੇ ਬਰਤਾਨਵੀ ਜਲ ਸੈਨਾ ਦੇ ਐਡਮਿਰਲ ਐਡਮੰਡ ਸਲੇਡ ਦੇ ਘਰ ਜਨਮੀ ਸੁੱਖਾਂ ਲੱਧੀ ਧੀ ਅਤੇ ਕਿੱਥੇ ਗ਼ਦਰ ਲਹਿਰ ਵਿੱਚ ਸ਼ਾਮਲ ਹੋਣ ਕਾਰਨ ਅੰਡੇਮਾਨ ਤਕ ਦੀ ਜੇਲ੍ਹ ਵਿੱਚ ਕੈਦ ਭੁਗਤਣ ਵਾਲਾ ਗ਼ਦਰੀ, ਪਰ ਵਿਧਮਾਤਾ ਦੀ ਅਜੀਬ ਖੇਡ ਕਿ ਇਹ ਗੋਰੀ ਇਸ ਗ਼ਦਰੀ ਪ੍ਰਤੀ ਇਕਪਾਸੜ ਪਿਆਰ ਦੇ ਵਹਿਣ ਵਿੱਚ ਇੰਨੀ ਰੁੜ੍ਹ ਗਈ ਕਿ ਹੋਰ ਸਭ ਕੁਝ ਛੱਡ ਛੁਡਾ ਕੇ ਸਿਰਫ਼ ਉਸੇ ਦੇ ਸੁਪਨੇ ਲੈਣ ਲੱਗੀ।

1892 ਵਿੱਚ ਜਨਮੀ ਮਿਸ ਮੈਡਲਿਨ ਸਲੇਡ ਆਮ ਲੜਕੀਆਂ ਵਰਗੀ ਲੜਕੀ ਨਹੀਂ ਸੀ। ਬਚਪਨ ਤੋਂ ਹੀ ਅਧਿਆਤਮਿਕਤਾ ਵਿੱਚ ਰੁਚੀ ਰੱਖਣ ਵਾਲੀ ਮੈਡਲਿਨ ਸਲੇਡ ਮੁਟਿਆਰ ਉਮਰ ਵਿੱਚ ਹੀ ਮਨੁੱਖੀ ਜੀਵਨ ਦਾ ਅਰਥ ਲੱਭਣ ਵਿੱਚ ਰੁੱਝ ਗਈ। ਉਮਰ ਦੇ ਇਕੱਤੀਵੇਂ ਵਰ੍ਹੇ ਵਿੱਚ ਉਸ ਨੇ ਰੋਮਾਂ ਰੋਮਾਂ ਦੀ ਲਿਖੀ ਗਾਂਧੀ ਜੀ ਦੀ ਜੀਵਨੀ ਪੜ੍ਹੀ ਤਾਂ ਉਸ ਨੂੰ ਜਾਪਿਆ ਕਿ ਉਹ ਪਲ ਆ ਗਿਆ ਹੈ ਜਿਸਦੀ ਉਹ ਚਿਰਾਂ ਤੋਂ ਉਡੀਕ ਕਰ ਰਹੀ ਸੀ। ਉਸ ਨੂੰ ਗਾਂਧੀ ਜੀ ਦੀ ਰਹਿਨੁਮਾਈ ਵਿੱਚ ਜੀਵਨ ਦਾ ਨਵਾਂ ਰਾਹ ਲੱਭਦਾ ਪ੍ਰਤੀਤ ਹੋਇਆ। ਉਸ ਨੇ ਗਾਂਧੀ ਜੀ ਅਤੇ ਉਨ੍ਹਾਂ ਦੇ ਸੇਵਾਗ੍ਰਾਮ ਆਸ਼ਰਮ ਦੇ ਅਨੁਸ਼ਾਸਨ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਤਾਂ ਮਹਿਸੂਸ ਕੀਤਾ ਕਿ ਉਸ ਨੂੰ 'ਬਾਪੂ' ਦੀ ਸੰਗਤ ਵਿੱਚ ਜਾਣ ਤੋਂ ਪਹਿਲਾਂ ਆਪਣੇ ਆਪ ਨੂੰ ਆਤਮਿਕ ਅਤੇ ਸਰੀਰਿਕ ਤੌਰ ਉੱਤੇ ਤਿਆਰ ਕਰਨ ਦੀ ਲੋੜ ਹੈ। ਫਲਸਰੂਪ, ਉਹ ਗਾਂਧੀ ਜੀ ਦੀ ਸੋਚ ਨਾਲ ਜੁੜਨ ਵਾਸਤੇ ਉਨ੍ਹਾਂ ਦੁਆਰਾ ਪ੍ਰਕਾਸ਼ਿਤ ਸਪਤਾਹਿਕ 'ਯੰਗ ਇੰਡੀਆ' ਦੀ ਨਿਯਮਿਤ ਪਾਠਕ ਬਣ ਗਈ; ਸ਼ਰਾਬ ਪੀਣੀ ਛੱਡ ਦਿੱਤੀ ਅਤੇ ਸ਼ੁੱਧ ਸ਼ਾਕਾਹਾਰੀ ਭੋਜਨ ਲੈਣ ਲੱਗੀ। ਉਸ ਨੇ ਚੌਂਕੜੀ ਮਾਰ ਕੇ ਬੈਠਣ ਅਤੇ ਚਰਖਾ ਕੱਤਣ ਦਾ ਅਭਿਆਸ ਕੀਤਾ ਅਤੇ ਉਰਦੂ ਸਿੱਖਣੀ ਸ਼ੁਰੂ ਕੀਤੀ। ਸਤੰਬਰ 1924 ਵਿੱਚ ਉਸ ਨੇ ਗਾਂਧੀ ਜੀ ਨੂੰ 20 ਪੌਂਡ ਦਾਨ ਵਜੋਂ ਭੇਜੇ ਅਤੇ ਨਾਲ ਹੀ ਪੱਤਰ ਲਿਖ ਕੇ ਗਾਂਧੀ ਜੀ ਨੂੰ ਆਪਣੇ ਵਰਤਮਾਨ ਆਚਾਰ ਵਿਹਾਰ ਅਤੇ ਆਪਣੀ ਭਵਿੱਖੀ ਯੋਜਨਾ ਬਾਰੇ ਜਾਣਕਾਰੀ ਦਿੱਤੀ। ਗਾਂਧੀ ਜੀ ਵੱਲੋਂ ਉਤਸ਼ਾਹਪੂਰਨ ਉੱਤਰ ਮਿਲਣ ਉੱਤੇ ਉਸ ਨੇ 'ਬਹੁਤ ਹੀ ਪਿਆਰੇ ਗੁਰੂ' ਪਾਸੋਂ ਉਸ ਦੇ ਆਸ਼ਰਮ ਵਿੱਚ ਰਹਿਣ ਦੀ ਆਗਿਆ ਮੰਗੀ ਅਤੇ ਗਾਂਧੀ ਜੀ ਵੱਲੋਂ ਹਾਂ-ਵਾਚਕ ਹੁੰਗਾਰਾ ਮਿਲਣ ਉੱਤੇ ਉਹ ਨਵੰਬਰ 1925 ਵਿੱਚ ਅਹਿਮਦਾਬਾਦ ਨੇੜੇ ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਵਿੱਚ ਪੁੱਜ ਗਈ। ਉਸ ਨੇ ਗੋਡਿਆਂ ਪਰਨੇ ਹੋ ਕੇ ਗਾਂਧੀ ਜੀ ਨੂੰ ਪ੍ਰਣਾਮ ਕੀਤੀ ਅਤੇ ਗਾਂਧੀ ਜੀ ਨੇ ਉਸ ਨੂੰ ਆਪਣੀ ਬੇਟੀ ਕਹਿ ਕੇ ਸਤਿਕਾਰ ਦਿੱਤਾ। ਆਸ਼ਰਮ ਵਿੱਚ ਰਹਿਣ ਵਾਸਤੇ ਉਸ ਨੂੰ ਮੀਰਾ ਬਾਈ ਨਾਂ ਗਾਂਧੀ ਜੀ ਨੇ ਦਿੱਤਾ ਤਾਂ ਆਸ਼ਰਮ ਵਾਸੀ ਉਸ ਨੂੰ ਮੀਰਾਬੇਨ (ਗੁਜਰਾਤੀ ਵਿੱਚ ਬਹਿਨ ਜਾਂ ਭੈਣ ਨੂੰ ਬੇਨ ਬੋਲਦੇ ਹਨ) ਕਹਿ ਕੇ ਸੰਬੋਧਨ ਕਰਨ ਲੱਗੇ। ਇਨ੍ਹੀਂ ਦਿਨੀਂ ਗਾਂਧੀ ਜੀ ਉਮਰ ਦੇ ਛਪੰਜਵੇਂ ਵਰ੍ਹੇ ਵਿੱਚ ਸਨ। ਤੇਤੀ ਕੁ ਵਰ੍ਹੇ ਦੀ ਲੰਮੀ ਲੰਝੀ, ਗੋਰੀ ਨਿਛੋਹ, ਭਰਵੇਂ ਜੁੱਸੇ ਅਤੇ ਚਮਕੀਲੀਆਂ ਅੱਖਾਂ ਵਾਲੀ ਅਵਿਵਾਹਤ ਮੀਰਾਬੇਨ ਕੁਝ ਦਿਨਾਂ ਵਿੱਚ ਹੀ ਆਸ਼ਰਮ ਵਾਸੀਆਂ ਵਿੱਚ ਰਚਮਿਚ ਗਈ। ਉਸ ਨੂੰ ਗਾਂਧੀ ਜੀ ਦੇ ਨਿੱਜੀ ਕੰਮ ਜਿਵੇਂ ਭੋਜਨ ਬਣਾਉਣਾ, ਕੱਪੜੇ ਧੋਣੇ, ਉਨ੍ਹਾਂ ਦੇ ਕਮਰੇ ਦੀ ਸਫ਼ਾਈ ਆਦਿ ਕਰਕੇ ਮਾਨਸਿਕ ਸ਼ਾਂਤੀ ਅਤੇ ਤਸੱਲੀ ਮਿਲਦੀ। ਮੀਰਾਬੇਨ ਨੂੰ ਆਸ਼ਰਮ ਵਿੱਚ ਆਇਆਂ ਅਜੇ ਇੱਕ ਮਹੀਨਾ ਵੀ ਨਹੀਂ ਸੀ ਹੋਇਆ ਕਿ ਗਾਂਧੀ ਜੀ ਨੂੰ ਕੁਝ ਦਿਨਾਂ ਲਈ ਆਸ਼ਰਮ ਤੋਂ ਬਾਹਰ ਜਾਣਾ ਪੈ ਗਿਆ। ਮੀਰਾ ਲਈ ਇਹ ਪਹਿਲੀ ਜੁਦਾਈ ਅਸਹਿਣਯੋਗ ਸੀ। ਗਾਂਧੀ ਜੀ ਨੇ ਸਮਝਾਇਆ, "ਤੂੰ ਨਿਰੰਤਰ ਮੇਰੇ ਖ਼ਿਆਲਾਂ ਵਿੱਚ ਰਹਿੰਦੀ ਹੈਂ, ਤਿੰਨ ਦਿਨ ਦਾ ਇਹ ਵਿਛੋੜਾ ਜ਼ਬਤ ਵਿੱਚ ਰਹਿਣ ਦੀ ਸਿਖਲਾਈ ਦਾ ਵਧੀਆ ਮੌਕਾ ਹੈ।" ਭਾਵੇਂ ਮੀਰਾ, ਗਾਂਧੀ ਜੀ ਦੀ ਸਲਾਹ ਨੂੰ ਧਾਰਨ ਕਰਨ, ਅਪਣੱਤ ਨੂੰ ਮੱਠਾ ਕਰਨ ਅਤੇ ਆਪਣਾ ਧਿਆਨ ਉਨ੍ਹਾਂ ਦੀ ਸ਼ਖ਼ਸੀਅਤ ਦੀ ਥਾਂ ਉਨ੍ਹਾਂ ਦੇ ਕੰਮ ਉੱਤੇ ਕੇਂਦਰਿਤ ਕਰਨ ਦੀ ਲੱਖ ਕੋਸ਼ਿਸ਼ ਕਰਦੀ, ਪਰ ਅਜਿਹਾ ਕਰਨ ਵਿੱਚ ਅਸਫਲ ਰਹਿੰਦੀ ਅਤੇ ਉਸ ਨੂੰ ਮਾਨਸਿਕ ਭਟਕਣਾ ਵਿਚਦੀ ਗੁਜ਼ਰਨਾ ਪੈਂਦਾ। ਸਵਾ ਸਾਲ ਦਾ ਸਮਾਂ ਉਸ ਨੇ ਇਸੇ ਮਨੋਬਿਰਤੀ ਵਿੱਚ ਬਤੀਤ ਕੀਤਾ। ਉਸ ਦੀ ਗਾਂਧੀ ਜੀ ਦੇ ਨੇੜੇ ਰਹਿਣ ਦੀ ਇੱਛਾ ਦਿਨੋ ਦਿਨ ਪ੍ਰਬਲ ਹੁੰਦੀ ਗਈ ਜਿਸ ਨੂੰ ਦੇਖਦਿਆਂ ਸਮਝਦਿਆਂ ਗਾਂਧੀ ਜੀ ਨੇ 22 ਮਾਰਚ 1927 ਨੂੰ ਉਸ ਵੱਲ ਲਿਖੇ ਪੱਤਰ ਵਿੱਚ ਸਮਝਾਇਆ, "ਆਪਣੀ ਬੇਚੈਨੀ ਤੋਂ ਖਹਿੜਾ ਛੁਡਾ। ਤੈਨੂੰ ਮੇਰੇ ਸਰੀਰ ਰੂਪੀ ਮੈਂ ਨਾਲ ਬਿਲਕੁਲ ਚਿਪਕਣਾ ਨਹੀਂ ਚਾਹੀਦਾ। ਮੇਰੇ ਸਰੀਰ ਤੋਂ ਬਿਨਾਂ ਆਤਮਾ ਹਮੇਸ਼ਾਂ ਤੇਰੇ ਨਾਲ ਹੈ।" ਇਸੇ ਵਿਚਾਰ ਉੱਤੇ ਜ਼ੋਰ ਦਿੰਦਿਆਂ ਗਾਂਧੀ ਜੀ ਨੇ 1 ਅਪਰੈਲ 1927 ਦੇ ਪੱਤਰ ਵਿੱਚ ਮੁੜ ਲਿਖਿਆ, "ਤੈਨੂੰ ਮੇਰੇ ਦੇਹ ਰੂਪ ਨੂੰ ਬਿਲਕੁਲ ਭੁੱਲ ਜਾਣਾ ਚਾਹੀਦਾ ਹੈ। ਇਹ ਕਦੇ ਵੀ ਤੇਰੇ ਪੱਲੇ ਨਹੀਂ ਪੈ ਸਕਦਾ।" ਦੋਵਾਂ ਵਿਚਕਾਰ ਬੜਾ ਅਜੀਬ ਰਿਸ਼ਤਾ ਪਨਪ ਰਿਹਾ ਸੀ। ਇੱਕ ਪਾਸੇ ਜਦ ਮੀਰਾਬੇਨ ਨੇ ਗਾਂਧੀ ਜੀ ਦੀ ਬਿਮਾਰੀ ਦੌਰਾਨ ਗਾਂਧੀ ਜੀ ਨੂੰ ਖੇਚਲ ਤੋਂ ਬਚਾਉਣ ਲਈ ਉਨ੍ਹਾਂ ਨੂੰ ਉਸ (ਮੀਰਾ) ਨੂੰ ਪੱਤਰ ਨਾ ਲਿਖਣ ਦੀ ਸਲਾਹ ਦਿੱਤੀ ਤਾਂ ਗਾਂਧੀ ਜੀ ਨੇ ਲਿਖਿਆ, "ਭਾਵੇਂ ਤੂੰ ਮੈਨੂੰ ਇਸ ਗੱਲ ਤੋਂ ਮੁਕਤ ਕਰ ਦਿੱਤਾ ਹੈ, ਪਰ ਮੈਂ ਆਪਣੇ ਆਪ ਨੂੰ ਹਰ ਸੋਮਵਾਰ ਤੈਨੂੰ ਲਿਖੇ ਜਾਣ ਵਾਲੇ ਖ਼ਤ ਤੋਂ ਪ੍ਰਾਪਤ ਹੋਣ ਵਾਲੀ ਖ਼ੁਸ਼ੀ ਤੋਂ ਵਾਂਝਿਆ ਨਹੀਂ ਕਰ ਸਕਦਾ। ਪ੍ਰੇਮ ਪੱਤਰ ਲਿਖਣਾ ਇੱਕ ਮਨਪਰਚਾਵਾ ਹੈ।" ਦੂਜੇ ਪਾਸੇ ਜਦ ਮੀਰਾਬੇਨ ਨੇ ਗਾਂਧੀ ਜੀ ਦੀ ਬਿਮਾਰ-ਪੁਰਸੀ ਲਈ ਉਨ੍ਹਾਂ ਕੋਲ ਆਉਣ ਦੀ ਇਜਾਜ਼ਤ ਮੰਗੀ ਤਾਂ ਗਾਂਧੀ ਜੀ ਨੇ 8 ਮਈ 1927 ਦੇ ਪੱਤਰ ਵਿੱਚ ਉਸ ਨੂੰ ਲਿਖਿਆ, "ਤੈਨੂੰ ਮੇਰੀ ਸਿਹਤ ਦੀ ਖ਼ਾਤਿਰ ਮੇਰੇ ਕੋਲ ਆਉਣ ਦੀ ਲੋੜ ਨਹੀਂ।ੰ ਜੇ ਮੈਨੂੰ ਤੇਰੀ 'ਨਰਸਿੰਗ' ਦੀ ਲੋੜ ਪਈ ਮੈਂ ਤੈਨੂੰ ਤਾਰ ਭੇਜਾਂਗਾ, ਪਰ ਅਜਿਹਾ ਮੌਕਾ ਕਦੇ ਨਹੀਂ ਆਵੇਗਾ।ੰ ਇੱਥੇ ਮੇਰੀ ਲੋੜ ਤੋਂ ਵੱਧ ਨਰਸਾਂ ਹਨ। ਇਸ ਲਈ ਜੇਕਰ ਤੂੰ ਮੇਰੀ ਨਿੱਜੀ ਸੇਵਾ ਕਰਨ ਦੀ ਆਸ ਲੈ ਕੇ ਆਵੇਂਗੀ ਤਾਂ ਤੈਨੂੰ ਇੱਥੇ ਉਬਾਸੀਆਂ ਲੈਂਦਿਆਂ ਵਿਹਲੇ ਬੈਠਣਾ ਪਵੇਗਾ।" ਗਾਂਧੀ ਜੀ ਨੇ ਦੋਵਾਂ ਦੇ ਆਪਸੀ ਰਿਸ਼ਤੇ ਨੂੰ ਇਨ੍ਹਾਂ ਸ਼ਬਦਾਂ ਵਿੱਚ ਸਪਸ਼ਟ ਕੀਤਾ, "ਤੂੰ ਮੇਰੇ ਕੋਲ ਮੇਰੇ ਵਾਸਤੇ ਨਹੀਂ, ਮੇਰੇ ਉਨ੍ਹਾਂ ਆਦਰਸ਼ਾਂ ਲਈ ਆਈ ਹੈਂ ਜਿਨ੍ਹਾਂ ਨੂੰ ਮੈਂ ਧਾਰਨ ਕੀਤਾ ਹੋਇਆ ਹੈ। ਤੂੰ ਦੇਖ ਹੀ ਲਿਆ ਹੈ ਕਿ ਮੈਂ ਆਪਣੇ ਮਿਥੇ ਆਦਰਸ਼ਾਂ ਉੱਤੇ ਕਿੰਨਾ ਕੁ ਅਮਲ ਕਰ ਰਿਹਾ ਹਾਂ। ਹੁਣ ਤੂੰ ਇਨ੍ਹਾਂ ਆਦਰਸ਼ਾਂ ਨੂੰ ਵਿਗਸਾਉਣਾ ਅਤੇ ਵਧੇਰੇ ਮੁਹਾਰਤ ਨਾਲ ਉਨ੍ਹਾਂ ਉੱਤੇ ਅਮਲ ਕਰਨਾ ਹੈ। ਜੋ ਵੀ ਅਜਿਹਾ ਕਰੇਗਾ ਉਹ ਮੇਰਾ ਪਹਿਲਾ ਵਾਰਸ ਅਤੇ ਪ੍ਰਤੀਨਿਧ ਹੋਵੇਗਾ ਅਤੇ ਮੈਂ ਤੈਨੂੰ ਪਹਿਲੇ ਸਥਾਨ ਉੱਤੇ ਦੇਖਣਾ ਚਾਹੁੰਦਾ ਹਾਂ। ਇਸ ਤਰ੍ਹਾਂ ਦੇ ਮਾਹੌਲ ਵਿੱਚ ਹੀ ਇੱਕ ਦਹਾਕਾ ਬੀਤ ਗਿਆ। ਇਸ ਅਰਸੇ ਦੌਰਾਨ ਕਦੇ ਮੀਰਾਬੇਨ ਨੂੰ ਗਾਂਧੀ ਜੀ ਦੇ ਨੇੜੇ ਰਹਿਣ ਦਾ ਅਵਸਰ ਮਿਲਦਾ ਅਤੇ ਕਦੇ ਇਕੱਲਤਾ ਭੋਗਣੀ ਪੈਂਦੀ। ਨਮਕ ਸਤਿਆਗ੍ਰਹਿ ਕਾਰਨ ਗਾਂਧੀ ਜੀ ਲਗਭਗ ਪੌਣਾ ਸਾਲ ਜੇਲ੍ਹ ਵਿੱਚ ਰਹੇ ਅਤੇ ਮੀਰਾ ਆਸ਼ਰਮ ਵਿੱਚ, ਪਰ ਦੂਜੀ ਗੋਲ ਮੇਜ਼ ਕਾਨਫਰੰਸ ਵਿੱਚ ਭਾਗ ਲੈਣ ਸਮੇਂ ਗਾਂਧੀ ਜੀ ਉਸ ਨੂੰ ਨਾਲ ਲੈ ਕੇ ਲੰਡਨ ਗਏ। ਲੰਮਾ ਸਮਾਂ ਇਸ ਦੁਬਿਧਾ ਵਿੱਚ ਬਿਤਾਉਣ ਪਿੱਛੋਂ ਦੋਵਾਂ ਨੂੰ ਸਪਸ਼ਟ ਹੋ ਗਿਆ ਕਿ ਉਹ ਇੱਕ ਦੂਜੇ ਪਾਸੋਂ ਵਿਭਿੰਨ ਆਸ ਲਾਈ ਬੈਠੇ ਹਨ। ਮੀਰਾਬੇਨ ਦੇ ਅਜਿਹੀ ਮਨੋਸਥਿਤੀ ਵਿਚਦੀ ਗੁਜ਼ਰਦਿਆਂ ਸਤੰਬਰ 1939 ਵਿੱਚ ਮਹਾਤਮਾ ਗਾਂਧੀ ਨੇ ਉਸ ਨੂੰ ਇੱਕ ਖਰੜਾ ਸੁਧਾਈ ਲਈ ਦਿੱਤਾ। ਖਰੜਾ ਇੱਕ ਦੇਸ਼ਭਗਤ ਦੀਆਂ ਸਾਹਸਪੂਰਨ ਸਰਗਰਮੀਆਂ ਉੱਤੇ ਆਧਾਰਿਤ ਰੌਚਿਕ ਲਿਖਤ ਸੀ। 1892 ਵਿੱਚ ਜਨਮਿਆ ਇਹ ਦੇਸ਼ਭਗਤ ਚੜ੍ਹਦੀ ਜਵਾਨੀ ਵਿੱਚ ਰੋਟੀ-ਰੋਜ਼ੀ ਦੀ ਭਾਲ ਵਿੱਚ ਅਮਰੀਕਾ ਗਿਆ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਆਇਆ ਅਤੇ ਪਾਰਟੀ ਵੱਲੋਂ ਹਥਿਆਰਬੰਦ ਅੰਦੋਲਨ ਦੁਆਰਾ ਮਾਤਭੂਮੀ ਨੂੰ ਗੁਲਾਮੀ ਤੋਂ ਮੁਕਤ ਕਰਵਾ ਲੈਣ ਦੀ ਯੋਜਨਾ ਤਹਿਤ 1914 ਵਿੱਚ ਦੇਸ਼ ਪਰਤਿਆ ਸੀ, ਪਰ ਦੁਰਭਾਗਵੱਸ ਯੋਜਨਾ ਅਸਫਲ ਹੋ ਗਈ ਅਤੇ ਇਸ ਨੌਜਵਾਨ ਦੇਸ਼ਭਗਤ ਨੂੰ ਉਮਰ ਕੈਦ ਦੀ ਸਜ਼ਾ ਭੋਗਣ ਵਾਸਤੇ ਕਾਲੇ ਪਾਣੀ ਭੇਜਿਆ ਗਿਆ। 1922 ਵਿੱਚ ਉਸ ਨੂੰ ਜੇਲ੍ਹ ਬਦਲੀ ਵਾਸਤੇ ਹਿੰਦੋਸਤਾਨ ਲਿਆਂਦਾ ਗਿਆ ਤਾਂ ਉਹ ਪੁਲੀਸ ਦੀ ਸੁਰੱਖਿਆ ਟੁਕੜੀ ਨੂੰ ਝਕਾਨੀ ਦੇ ਕੇ ਫਰਾਰ ਹੋ ਗਿਆ ਅਤੇ 16 ਸਾਲ ਰੂਪੋਸ਼ ਰਿਹਾ। ਗੁਪਤਵਾਸ ਦੇ ਪਹਿਲੇ ਸੱਤ ਸਾਲ ਉਸ ਨੇ ਭਾਵਨਗਰ ਵਿੱਚ ਕੁਸ਼ਤੀ ਅਤੇ ਸਰੀਰਿਕ ਸਿੱਖਿਆ ਦੀ ਸਿਖਲਾਈ ਦਿੰਦਿਆਂ ਗੁਜ਼ਾਰੇ। ਇਸ ਅਰਸੇ ਦੌਰਾਨ ਉਸ ਨੇ ਬਰਮਾ ਦਾ ਚੱਕਰ ਵੀ ਲਾਇਆ। ਉਪਰੰਤ ਪੰਜ ਸਾਲ ਉਸ ਨੇ ਸੋਵੀਅਤ ਯੂਨੀਅਨ ਵਿੱਚ ਸਮਾਜਵਾਦ ਦੀ ਸਿੱਖਿਆ ਲੈਂਦਿਆਂ ਬਤੀਤ ਕੀਤੇ, ਪਰ ਹਿੰਦੋਸਤਾਨ ਵਾਪਸ ਆ ਕੇ ਉਸ ਦਾ ਝੁਕਾਉ ਗਾਂਧੀ ਜੀ ਦੀ ਅਹਿੰਸਕ ਵਿਚਾਰਧਾਰਾ ਵੱਲ ਹੋ ਗਿਆ। 1937 ਵਿੱਚ ਚੋਣਾਂ ਹੋਈਆਂ ਤਾਂ ਬੰਬਈ ਪ੍ਰਾਂਤ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਜਿਸ ਦੇ ਕਈ ਮੰਤਰੀ ਇਸ ਦੇਸ਼ਭਗਤ ਦੇ ਜਾਣਕਾਰ ਸਨ। ਉਨ੍ਹਾਂ ਦੀ ਵਿਚੋਲਗਿਰੀ ਸਦਕਾ ਇਸ ਦੇਸ਼ਭਗਤ ਨੇ ਮਈ 1938 ਵਿੱਚ ਬੰਬਈ ਵਿੱਚ ਗਾਂਧੀ ਜੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਸਲਾਹ ਨਾਲ ਆਤਮ ਸਮਰਪਣ ਕਰ ਦਿੱਤਾ। ਕੁਝ ਸਮਾਂ ਥਾਣੇ ਜੇਲ੍ਹ ਵਿੱਚ ਰੱਖਣ ਪਿੱਛੋਂ ਉਸ ਨੂੰ ਪੰਜਾਬ ਦੀ ਰਾਵਲਪਿੰਡੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇੱਥੋਂ ਹੀ ਉਸ ਨੇ ਆਪਣੀ ਆਤਮ ਕਥਾ ਦਾ ਖਰੜਾ ਗਾਂਧੀ ਜੀ ਨੂੰ ਭੇਜਿਆ ਜਿਸ ਨੂੰ ਛਾਪਣ ਤੋਂ ਪਹਿਲਾਂ ਪੜ੍ਹ ਕੇ ਸੋਧ ਸੁਧਾਈ ਕਰਨ ਹਿੱਤ ਇਹ ਖਰੜਾ ਮੀਰਾਬੇਨ ਨੂੰ ਸੌਂਪਿਆ ਗਿਆ ਸੀ। ਕਿਸੇ ਕਲਪਿਤ ਕਹਾਣੀ ਵਰਗੀ ਵਾਸਤਵਿਕ ਹੱਡਬੀਤੀ ਨੂੰ ਪੜ੍ਹਦਿਆਂ ਮੀਰਾ ਟੁੰਬੀ ਗਈ ਅਤੇ ਇਨ੍ਹਾਂ ਘਟਨਾਵਾਂ ਦੇ ਨਾਇਕ ਪ੍ਰਤੀ ਉਸ ਦੇ ਮਨ ਵਿੱਚ ਇੱਕ ਵਿਸ਼ੇਸ਼ ਖਿੱਚ ਪੈਦਾ ਹੋ ਗਈ।

ਮੀਰਾ ਬਹਨ ਦੀ ਖਿੱਚ ਦਾ ਕੇਂਦਰ ਬਣਿਆ ਗ਼ਦਰੀ ਸੀ ਪ੍ਰਿਥਵੀ ਸਿੰਘ (ਆਜ਼ਾਦ)। ਪ੍ਰਿਥਵੀ ਸਿੰਘ ਸਤੰਬਰ 1939 ਵਿੱਚ ਰਾਵਲਪਿੰਡੀ ਜੇਲ੍ਹ ਤੋਂ ਰਿਹਾਈ ਉਪਰੰਤ ਸਿੱਧਾ ਗਾਂਧੀ ਜੀ ਦੇ ਆਸ਼ਰਮ ਵਿੱਚ ਪੁੱਜ ਗਿਆ। ਮੀਰਾ ਉਸ ਨੂੰ ਮਿਲ ਕੇ ਉਸ ਦੇ ਬੇਬਾਕ ਅਤੇ ਨਿਡਰ ਤੌਰ ਤਰੀਕੇ ਤੋਂ ਬੇਹੱਦ ਪ੍ਰਭਾਵਿਤ ਹੋਈ। ਉਸ ਨੂੰ ਪ੍ਰਤੀਤ ਹੋਇਆ ਕਿ ਆਖਿਰਕਾਰ ਉਸ ਨੂੰ ਉਹ ਵਿਅਕਤੀ ਮਿਲ ਗਿਆ ਹੈ ਜਿਸ ਨਾਲ ਰਲ ਕੇ ਉਹ, ਜਿਵੇਂ ਗਾਂਧੀ ਜੀ ਨੇ ਕਈ ਵਾਰ ਕਿਹਾ ਹੈ, ਆਸ਼ਰਮ ਤੋਂ ਬਾਹਰ ਰਹਿ ਕੇ ਆਜ਼ਾਦਾਨਾ ਰੂਪ ਵਿੱਚ ਸਮਾਜ ਸੇਵਾ ਦਾ ਕੰਮ ਕਰ ਸਕਦੀ ਹੈ। ਉਸ ਦੇ ਪਿਆਰ ਦੀ ਧਾਰਾ ਗਾਂਧੀ ਜੀ ਦੀ ਥਾਂ ਪ੍ਰਿਥਵੀ ਸਿੰਘ ਵੱਲ ਵਹਿ ਤੁਰੀ। ਉਸ ਨੇ ਪ੍ਰਿਥਵੀ ਸਿੰਘ ਦੀ ਜੀਵਨ ਕਥਾ ਪੜ੍ਹਦਿਆਂ ਜਿਸ ਤਰ੍ਹਾਂ ਮਹਿਸੂਸ ਕੀਤਾ, ਉਸ ਦਾ ਬਿਆਨ ਪ੍ਰਿਥਵੀ ਸਿੰਘ ਵੱਲ 18 ਨਵੰਬਰ 1939 ਨੂੰ ਲਿਖੇ ਇੱਕ ਖ਼ਤ ਵਿੱਚ ਇਉਂ ਕੀਤਾ, "ਪਹਿਲੀ ਵਾਰ ਇਸ ਨੂੰ ਪੜ੍ਹ ਕੇ ਮੈਂ ਭਾਵੁਕ ਹੋ ਗਈ। ਆਪਣੇ ਦਿਲ ਦੀਆਂ ਡੂੰਘਾਈਆਂ ਵਿੱਚੋਂ ਚਾਹੇ ਜਾਣ ਵਾਲੇ ਬਾਰੇ ਅਜਿਹਾ ਪੜ੍ਹਨਾ ਅਗਨੀ-ਪ੍ਰੀਖਿਆ ਵਿੱਚੋਂ ਗੁਜ਼ਰਨ ਸਮਾਨ ਹੈ। ਸਾਰਾ ਸਮਾਂ ਮੇਰਾ ਸਰੀਰ ਤਪਦਾ ਰਿਹਾ।" ਪ੍ਰਿਥਵੀ ਸਿੰਘ ਤੋਂ ਉਸ ਨੂੰ ਆਪਣੀਆਂ ਸਰੀਰਿਕ ਇੱਛਾਵਾਂ, ਜਿਨ੍

ਲੋਕ ਹਿੱਤ ਮਿਸ਼ਨ ਦੀ ਮੀਟਿੰਗ ਵਿਚ ਵਿਚਾਰੇ ਗਏ ਮਸਲੇ

ਨਿਊ ਚੰਡੀਗੜ੍ਹ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਹਿੱਤ ਮਿਸ਼ਨ ਬੀ ਕੇ ਯੂ ਪੰਜਾਬ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਗੜ੍ਹੀ ਭੰਰਖਾ ਸਾਹਿਬ ਮਾਜਰੀ ਬਲਾਕ ਨਿਊ ਚੰਡੀਗੜ੍ਹ ਵਿਖੇ ਹੋਈ । ਜਿਸ ਵਿੱਚ ਪੰਜਾਬ ਅਤੇ ਇਲਾਕੇ ਦੇ ਜਰੂਰੀ ਸਾਂਝੇ ਮੁੱਦੇ ਵਿਚਾਰੇ ਗਏ । ਜਿਸ ਵਿੱਚ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਮਿਸ਼ਨ ਆਗੂ ਸੁਖਦੇਵ ਸਿੰਘ ਸੁੱਖਾ ਕੰਸਲਾ, ਗੁਰਮੀਤ ਸਿੰਘ ਸ਼ੰਟੂ, ਰਵਿੰਦਰ ਸਿੰਘ ਵਜੀਦਪੁਰ, ਗੁਰਬਚਨ ਸਿੰਘ ਮੁੰਧੋਂ, ਰਵਿੰਦਰ ਸਿੰਘ ਹੁਸ਼ਿਆਰਪੁਰ, ਗੁਰਸਰਨ ਸਿੰਘ ਨੱਗਲ, ਗੁਰਦੇਵ ਸਿੰਘ ਕੁਬਾਹੇੜੀ, ਜਸਬੀਰ ਸਿੰਘ ਲਾਲਾ, ਪਰਮਜੀਤ ਸਿੰਘ ਪੰਮੀ ਮਾਵੀ ਅਤੇ ਡਾਕਟਰ ਅਰਵਿੰਦਰ ਸਿੰਘ ਮੋਰਿੰਡਾ ਨੇ ਕਿਹਾ ਕਿ ਡੀ ਏ ਪੀ ਦੀ ਭੇਜੀ ਗਈ ਨਕਲੀ ਖਾਦ ਪੂਰੇ ਪੰਜਾਬ ਵਿੱਚ ਪੁੱਜ ਜਾਣ ਤੋਂ ਬਾਅਦ ਵੀ ਸਰਕਾਰ ਵੱਲੋਂ ਸੰਬੰਧਿਤ ਅਧਿਕਾਰੀਆਂ ਤੇ ਕਾਰਵਾਈ ਲਈ ਕੋਈ ਜਾਂਚ ਸ਼ੁਰੂ ਨਹੀਂ ਕੀਤੀ ਗਈ। ਕਸਬਾ ਸਿਆਲਬਾ ਸਥਿਤ ਕੋਆਪਰੇਟਿਵ ਬੈਂਕ ਵਿੱਚ ਹੋਏ ਘਪਲੇ ਨਾਲ ਸਬੰਧਤ ਪੀੜਿਤ ਖਾਤਾ ਧਾਰਕਾਂ ਨੂੰ ਇਨਸਾਫ ਦਿਵਾਉਣ ਲਈ ਵੀ ਵਿਚਾਰ ਚਰਚਾ ਕੀਤੀ ਗਈ

ਇਸੇ ਤਰ੍ਹਾਂ ਸ਼ੰਭੂ ਬਾਰਡਰ ਤੇ ਬੈਠੇ ਕਿਸਾਨਾਂ ਦੀਆਂ ਮੰਗੀਆਂ ਪੂਰੀਆਂ ਕਰਨ ਅਤੇ ਇਲਾਕੇ ਦੇ ਮਸਲਿਆਂ ਦੇ ਹੱਲ ਲਈ ਆਵਾਜ਼ ਬੁਲੰਦ ਕਰਨ ਬਾਰੇ ਵੀ ਫੈਸਲਾ ਲਿਆ ਗਿਆ । ਇਸੇ ਦੌਰਾਨ ਸਮਾਜ ਸੇਵੀ ਆਗੂ ਜੈਲਦਾਰ ਸਤਵਿੰਦਰ ਸਿੰਘ ਚੈੜੀਆਂ ਦੇ ਦਿਹਾਂਤ ਤੇ ਸੋਗ ਦਾ ਪ੍ਰਗਟਾਵਾ ਵੀ ਕੀਤਾ ਗਿਆ।

ਇਸ ਮੌਕੇ ਬਾਬਾ ਰਾਮ ਸਿੰਘ ਅਭੀਪੁਰ, ਜਸਵੀਰ ਸਿੰਘ ਨਵਾਂਗਰਾਉਂ, ਗੁਰਦੀਪ ਸਿੰਘ ਮਹਿਰਮਪੁਰ, ਅਮਨ ਬੇਦੀ ਤਿਊੜ, ਬਲਵਿੰਦਰ ਸਿੰਘ ਰੰਗੂਆਣਾ, ਦਰਸ਼ਨ ਸਿੰਘ ਬਲਿੰਗ ਖੇੜਾ, ਦਿਲਬਾਗ ਸਿੰਘ ਨੱਗਲ, ਤਰਲੋਚਨ ਸਿੰਘ ਹੁਸ਼ਿਆਰਪੁਰ, ਰਸ਼ਪਾਲ ਸਿੰਘ ਚੰਡੀਗੜ੍ਹ, ਮੋਨਾ ਰਾਣੀਮਾਜਰਾ, ਮੇਜਰ ਸਿੰਘ ਵਜੀਦਪੁਰ, ਦਾਰਾ ਸਿੰਘ ਮਾਜਰੀ, ਸੋਹਣ ਸਿੰਘ ਸੰਗਤਪੁਰਾ, ਮੇਜਰ ਸਿੰਘ ਚਿਤਾਮਲੀ, ਜਸਪਾਲ ਸਿੰਘ ਢਕੋਰਾ, ਸੁਰਿੰਦਰ ਸਿੰਘ ਮਾਣਕਪੁਰ ਅਤੇ ਜਗਦੀਸ ਸਿੰਘ ਦੀਸ਼ਾ ਆਦਿ ਅਹੁਦੇਦਾਰ ਤੇ ਹੋਰ ਮੈਂਬਰ ਵੀ ਹਾਜ਼ਰ ਸਨ ।

ਪੰਚਕੂਲਾ ਵਿੱਚ ਨਾਲੇ ਵਿੱਚ ਰੁੜੀਆ 10 ਸਾਲ ਦਾ ਬੱਚਾ

ਜ਼ੀਰਕਪੁਰ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਚਕੂਲਾ ਦੇ ਬੁੱਢਣਪੁਰ ਵਿੱਚ ਮੰਗਲਵਾਰ ਨੂੰ ਭਾਰੀ ਮੀਂਹ ਤੋਂ ਬਾਅਦ ਇੱਕ ਬੱਚਾ ਬਰਸਾਤੀ ਨਾਲੇ ਵਿੱਚ ਰੁੜ੍ਹ ਗਿਆ। ਬੱਚੇ ਦੀ ਭਾਲ ਲਈ ਪੁਲੀਸ ਟੀਮ ਪੰਚਕੂਲਾ ਪੁੱਜੀ ਹੈ ਜਦੋਂਕਿ ਐਨਡੀਆਰਐਫ ਦੀ ਟੀਮ ਜ਼ੀਰਕਪੁਰ ਵਿੱਚੋਂ ਲੰਘਦੇ ਸੁਖਨਾ ਚੋਅ ਵਿੱਚ ਭਾਲ ਕਰ ਰਹੀ ਹੈ ਪਰ ਖ਼ਬਰ ਲਿਖੇ ਜਾਣ ਤੱਕ ਬੱਚੇ ਦਾ ਕੋਈ ਪਤਾ ਨਹੀਂ ਲੱਗ ਸਕਿਆ ਹੈ।

ਹਾਸਲ ਜਾਣਕਾਰੀ ਅਨੁਸਾਰ ਪਿੰਡ ਬੁੱਢਣਪੁਰ ਵਾਸੀ ਕੁਲਦੀਪ ਨੇ ਦੱਸਿਆ ਕਿ ਮੰਗਲਵਾਰ ਦੁਪਹਿਰ ਕਰੀਬ 3 ਵਜੇ ਉਸ ਦੇ ਦੋਵੇਂ ਲੜਕੇ ਖੇਡਦੇ ਹੋਏ ਨਾਲੇ ਕੋਲ ਪੁੱਜੇ। ਇਸ ਦੌਰਾਨ ਵੱਡੇ ਪੁੱਤਰ ਸਿਮਰਤ ਦਾ ਪੈਰ ਤਿਲਕ ਗਿਆ ਅਤੇ ਉਹ ਨਾਲੇ ਵਿੱਚ ਡਿੱਗ ਗਿਆ।

ਆਪਣੇ ਭਰਾ ਨੂੰ ਨਾਲੇ ਚ ਡਿੱਗਦਾ ਦੇਖ ਕੇ ਛੋਟਾ ਬੇਟਾ ਵਰੁਣ ਘਰ ਪਹੁੰਚਿਆ ਅਤੇ ਆਪਣੇ ਪਿਤਾ ਨੂੰ ਇਸ ਦੀ ਸੂਚਨਾ ਦਿੱਤੀ। ਲੋਕਾਂ ਨੇ ਪਹਿਲਾਂ ਆਪਣੇ ਪੱਧਰ 'ਤੇ ਬੱਚਿਆਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਬੱਚੇ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ। ਇਸ ਤੋਂ ਬਾਅਦ ਲੋਕਾਂ ਨੇ ਘਟਨਾ ਦੀ ਸੂਚਨਾ ਪੁਲਸ ਅਤੇ ਪ੍ਰਸ਼ਾਸਨ ਨੂੰ ਦਿੱਤੀ। ਸੂਚਨਾ ਮਿਲਦੇ ਹੀ ਪੁਲਸ, ਫਾਇਰ ਬ੍ਰਿਗੇਡ ਅਤੇ ਐਂਬੂਲੈਂਸ ਮੌਕੇ 'ਤੇ ਪਹੁੰਚ ਗਈ, ਜਿਸ ਤੋਂ ਬਾਅਦ ਐਨਡੀਆਰਐਫ ਨੂੰ ਸੂਚਨਾ ਦਿੱਤੀ ਗਈ। ਪੰਚਕੂਲਾ ਤੋਂ ਇਲਾਵਾ ਜ਼ੀਰਕਪੁਰ ਵਿੱਚੋਂ ਲੰਘਦੇ ਸੁਖਨਾ ਚੋਅ ਵਿੱਚ ਐਨਡੀਆਰਐਫ ਦੀ ਟੀਮ ਬੱਚੇ ਦੀ ਭਾਲ ਵਿੱਚ ਲੱਗੀ ਹੋਈ ਹੈ।

ਡਿਸਟ੍ਰਿਕ ਲੈਵਲ ਅਪਰੂਵਲ ਕਮੇਟੀ ਹੋਈ ਮੀਟਿੰਗ

ਤਰਨ ਤਾਰਨ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਡਿਪਟੀ ਕਮਿਸ਼ਨਰ—ਕਮ—ਚੈਅਰਮੇਨ ਡਿਸਟ੍ਰਿਕ ਲੈਵਲ ਅਪਰੂਵਲ ਕਮੇਟੀ ਸ੍ਰੀ ਸੰਦੀਪ ਕੁਮਾਰ ਤਰਨ ਤਾਰਨ ਜੀ ਦੀ ਪ੍ਰਧਾਨਗੀ ਹੇਠ ਇੰਨਸੈਟਿਵ ਕੇਸਾਂ ਦੀ ਕਲੀਅਰੈਂਨਸ ਦੇਣ ਸਬੰਧੀ ਬਣੀ ਡਿਸਟ੍ਰਿਕ ਲੈਵਲ ਅਪਰੂਵਲ ਕਮੇਟੀ ਦੀ ਮੀਟਿੰਗ ਹੋਈ,ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਫਸਰ ਸਾਹਿਬਾਨਾ ਵਲੋਂ ਭਾਗ ਲਿਆ ਗਿਆ । ਮੀਟਿੰਗ ਵਿੱਚ ਡਿਪਟੀ ਕਮਿਸ਼ਨਰ—ਕਮ— ਚੈਅਰਮੇਨ ਡਿਸਟ੍ਰਿਕ ਲੈਵਲ ਅਪਰੂਵਲ ਕਮੇਟੀ ਸ੍ਰੀ ਸੰਦੀਪ ਕੁਮਾਰ ਵਲੋਂ ਉਦਯੋਗਿਕ ਪਾਲਸੀ 2022 ਤਹਿਤ 07 ਉਦਯੋਗਿਕ ਇਕਾਈਆਂ (ਰਾਇਸ ਸੈਲਰਾਂ) ਦੇ ਵੱਖ ਵੱਖ ਇੰਨਸੈਟਿਵ ਸਬੰਧੀ ਐਪਲੀਕੇਸ਼ਨਾਂ ਨੂੰ ਮੰਨਜੂਰੀ ਦਿੱਤੀ ਗਈ ,ਜਿਸ ਵਿੱਚ ਮੰਡੀ ਫੀਸ,ਤੋਂ ਛੋਟ,ਕਰਜ਼ੇ ਦੀ ਵਿਆਜ ਦੀ ਦਰ ਤੋਂ ਛੋਟ,ਐਕਸਟਰਨਲ ਡਿਵੈਲਪਮੈਂਟ ਚਾਰਜ ਤੋਂ ਛੋਟ,ਸਟੈਂਪ ਡਿਊਟੀ ਤੋਂ ਛੋਟ ਇੰਨਸੈਟਿਵ ਆਦਿ ਸ਼ਾਮਿਲ ਸਨ ।

ਮੀਟਿੰਗ ਵਿੱਚ ਸ੍ਰੀ ਮਾਨਵਪ੍ਰੀਤ ਸਿੰਘ ਜਨਰਲ ਮੈਨੇਜਰ — ਕਮ —ਕੰਨਵੀਨਰ ਜਿਲ੍ਹਾ ਉਦਯੋਗ ਕੇਂਦਰ ਤਰਨ ਤਾਰਨ ਵਲੋਂ ਦਸਿਆ ਗਿਆ ਕਿ ਪੰਜਾਬ ਵਿੱਚ ਉਦਯੋਗਾ ਨੂੰ ਵਧਾਵਾ ਦੇਣ ਲਈ /ਪ੍ਰਫੁੱਲਤ ਕਰਨ ਲਈ ਅਤੇ ਰੁਜ਼ਗਾਰ ਪੈਦਾ ਕਰਨ ਲਈ ਪੰਜਾਬ ਸਰਕਾਰ ਵਲੋਂ ਨਵੀਂ ਬਣੀ ਇੰਡਸਟਰੀਅਲ ਪਾਲਸੀ 2022 ਤਹਿਤ ਉਦਯੋਗਿਕ ਇਕਾਈਆਂ ਨੂੰ ਵੱਖ ਵੱਖ ਇੰਨਸੈਟਿਵ ਦਿੱਤੇ ਜਾ ਰਹੇ ਹਨ। ਉਹਨਾਂ ਦਸਿਆ ਕਿ ਬਾਰਡਰ ਜੋਨ ਵਿੱਚ ਲੱਗ ਰਹੀਆਂ ਇਕਾਈਆਂ ਨੂੰ ਸੀ ?ਐਲ ?ਯੂ ਦੀ ਕੋਈ ਲੋੜ ਨਹੀਂ ਹੈ ਅਤੇ ਐਕਸਟਰਨਲ ਡਿਵੈਲਪਮੈਂਟ ਚਾਰਜ 100% ਮਾਫ ਹਨ ਅਤੇ ਜਨਰਲ ਮੈਨੇਜਰ ਸਾਹਿਬ ਵਲੋਂ ਕਮੇਟੀ ਮੈਂਬਰਾਂ ਨੂੰ ਦਸਿਆ ਕਿ ਪਾਲਸੀ 2022 ਤਹਿਤ ਰਾਇਸ ਸੈਲਰਾਂ ਨੈਗਟਿਵ ਸੂਚੀ ਆਉਂਦੇ ਹਨ,ਪਰ ਜੋ ਸੈਲਰ ਬਾਰਡਰ ਜੋਨ ਦੇ ਘੇਰੇ ਅੰਦਰ ਆਉ ?ਦੇ ਹਨ,ਉਹ ਪਾਲਸੀ 2022 ਤਹਿਤ ਇਨਸੈਟਿਵ ਅਪਲਾਈ ਕਰਨ ਯੋਗ ਹਨ। ਤਰਨ ਤਾਰਨ ਇੱਕ ਬਾਰਡਰ ਜਿਲ੍ਹਾ ਹੋਣ ਕਰਕੇ ਨਿਵੇਸ਼ਕਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ,ਕਿਉ ?ਕਿ ਬਾਰਡਰ ਜੋਨ ਵਿੱਚ ਪੈਦੀਆਂ ਉਦਯੋਗਿਕ ਇਕਾਈਆਂ ਲਈ ਸਰਕਾਰ ਨੇ ਕੁੱਝ ਵਿਸੇਸ਼ ਇੰਨਸੈਟਿਵ ਰੱਖੇ ਹਨ । ਜਿਸ ਕਰਕੇ ਉਦਯੋਗਪਤੀ ਦੂਸਰੇ ਜਿਲ੍ਹਿਆਂ ਵਿੱਚੋਂ ਆ ਕੇ ਇਥੇ ਆਪਣੀਆਂ ਇਕਾਈਆਂ (ਸੈਲਰ) ਲਗਾ ਰਹੇ ਹਨ। ਪਿਛਲੇ ਸਾਲ ਲੱਗਭੱਗ ਜਿਲ੍ਹਾ ਤਰਨ ਤਾਰਨ ਵਿੱਚ 40 ਨਵੇਂ ਰਾਇਸ ਸੈ ?ਲਰ ਲੱਗ ਚੱਕੇ ਹਨ।ਜਿਸ ਨਾਲ ਜਿਲ੍ਹੇ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ।

ਇਸ ਮੀਟਿੰਗ ਵਿੱਚ ਜਨਰਲ ਮੈਨੇਜਰ ਮਾਨਵਪ੍ਰੀਤ ਸਿੰਘ,ਸੀਨੀਅਰ ਸਹਾਇਕ ਰਵਿੰਦਰ ਸਿੰਘ ਅਤੇ ਬਲਾਕ ਪੱਧਰ ਪ੍ਰਸਾਰ ਅਫਸਰ ਦਇਆ ਸਿੰਘ ਸਮੇਤ ਵਿਭਾਗਾਂ ਦੇ ਅਫਸਰ ਸਾਹਿਬਾਨ ਸ਼ਾਮਲ ਸਨ।

ਸੰਯੁਕਤ ਡਾਇਰੈਕਟਰ ਖੇਤੀਬਾੜੀ ਪੰਜਾਬ ਵੱਲੋਂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਕੀਤਾ ਦੌਰਾ

ਸ੍ਰੀ ਮੁਕਤਸਰ ਸਾਹਿਬ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਨਰਮੇਂ ਉਪਰ ਗੁਲਾਬੀ ਸੁੰਡੀ ਦੇ ਹਮਲੇ ਨੂੰ ਰੋਕਣ ਲਈ ਸ. ਗੁਰਮੀਤ ਸਿੰਘ ਖੁੱਡੀਆਂ, ਮਾਨਯੋਗ ਕੈਬਨਿਟ ਮੰਤਰੀ ਪੰਜਾਬ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਤੇ ਨਰਮਾ ਪੱਟੀ ਵਿੱਚ ਸੀਨੀਅਰ ਖੇਤੀਬਾੜੀ ਅਧਿਕਾਰੀ ਤਾਇਨਾਤ ਕੀਤੇ ਗਏ ਹਨ।

ਇਸ ਦੇ ਤਹਿਤ ਜਿ ?ਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿੱਚ ਸ਼੍ਰੀ ਦਿਲਬਾਗ ਸਿੰਘ, ਸੰਯੁਕਤ ਡਾਇਰੈਕਟਰ ਖੇਤੀਬਾੜੀ (ਵਿਸਥਾਰ ਤੇ ਸਿਖਲਾਈ), ਪੰਜਾਬ ਨੇ ਜਿ ?ਲ੍ਹੇ ਅੰਦਰ ਨਰਮੇਂ ਦੀ ਫ਼ਸਲ ਨੂੰ ਕਾਮਯਾਬ ਕਰਨ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦਾ ਜਾਇਜ਼ਾ ਲਿਆ ਗਿਆ।

ਇਸ ਸਮੇਂ ਉਨ੍ਹਾਂ ਖੇਤੀਬਾੜੀ ਵਿਭਾਗ ਦੇ ਸਟਾਫ਼ ਨਾਲ ਨਰਮੇਂ ਦੀ ਫ਼ਸਲ ਨੂੰ ਕਾਮਯਾਬ ਕਰਨ ਲਈ ਅਹਿਮ ਮੀਟਿੰਗ ਕੀਤੀ ਗਈ।

ਸੰਯੁਕਤ ਡਾਇਰੈਕਟਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡਾਂ ਦੇ ਦੌਰੇ ਦੌਰਾਨ ਗੁਰੂਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਵਾਈ ਜਾਵੇ ਤਾਂ ਜੋ ਸਬੰਧਤ ਅਧਿਕਾਰੀ ਕਿਸਾਨਾਂ ਦੀਆਂ ਮੁਸ਼ਕਿਲਾਂ ਦਾ ਮੌਕੇ ਤੇ ਹੱਲ ਕਰ ਸਕਣ।

ਇਸ ਮੌਕੇ ਸ਼੍ਰੀ ਗੁਰਨਾਮ ਸਿੰਘ, ਮੁੱਖ ਖੇਤੀਬਾੜੀ ਅਫ਼ਸਰ, ਸ਼੍ਰੀ ਮੁਕਤਸਰ ਸਾਹਿਬ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਰਮੇਂ ਦੀ ਫ਼ਸਲ ਨੂੰ ਮੁੱਖ ਰੱਖਦੇ ਹੋਏ ਸਰਵੇਖਣ ਸੁਚੱਜੇ ਢੰਗ ਨਾਲ ਕੀਤਾ ਜਾਵੇ ਅਤੇ ਸਰਵੇਖਣ ਦੇ ਅਧਾਰ ਤੇ ਕਿਸਾਨਾਂ ਨੂੰ ਐਡਵਾਇਜਰੀ ਜਾਰੀ ਕੀਤੀ ਜਾਵੇ।

ਉਹਨਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਬਾਸਮਤੀ ਉਪਰ ਪਾਬੰਦੀਸੁ ?ਦਾ ਜ਼ਹਿਰਾ ਦੀ ਵਰਤੋਂ ਨਾ ਕਰਨ ਸਬੰਧੀ ਕਿਸਾਨਾਂ ਨੂੰ ਸੁਚੇਤ ਕੀਤਾ ਜਾਵੇ।

ਇਸ ਮੌਕੇ ਉਨ੍ਹਾਂ ਵੱਲੋਂ ਪਿੰਡ ਗੋਬਿੰਦ ਨਗਰੀ ਦੇ ਕਿਸਾਨ ਸ਼੍ਰੀ ਬਲਕਰਨ ਸਿੰਘ ਪੁੱਤਰ ਸ਼੍ਰੀ ਗੁਰਬਖਸ਼ ਸਿੰਘ ਦੇ ਨਰਮੇਂ ਦੀ ਫ਼ਸਲ ਦਾ ਸਰਵੇਖਣ ਕੀਤਾ ਅਤੇ ਬਧਾਈ ਪਿੰਡ ਦੇ ਕਿਸਾਨ ਸ਼੍ਰੀ ਗੁਰਜੀਤ ਸਿੰਘ ਸਾਬਕਾ ਸਰਪੰਚ ਦੇ ਸਿੱਧੀ ਬਿਜਾਈ ਵਾਲੇ ਖੇਤ ਦਾ ਦੌਰਾ ਵੀ ਕੀਤਾ।

ਇਸ ਮੌਕੇ ਕਰਨਜੀਤ ਸਿੰਘ ਪ੍ਰੋਜੈਕਟ ਡਾਇਰੈਕਟਰ ਆਤਮਾ, ਜ਼ਸ਼ਨਪ੍ਰੀਤ ਸਿੰਘ ਏ.ਡੀ.ਓ, ਸ਼ਵਿੰਦਰ ਸਿੰਘ ਏ.ਡੀ.ਓ.,ਹਰਮਨਜੀਤ ਸਿੰਘ ਏ.ਡੀ.ਓ, ਹਰਮਨਦੀਪ ਸਿੰਘ ਏ.ਡੀ.ਓ., ਨਰਿੰਦਰ ਕੁਮਾਰ ਏ.ਐਸ.ਆਈ ਅਤੇ ਸਵਰਨਜੀਤ ਸਿੰਘ ਏ.ਟੀ.ਐਮ ਤੋਂ ਇਲਾਵਾਂ ਪਿੰਡਾਂ ਦੇ ਮੋਹਤਬਰ ਕਿਸਾਨ ਹਾਜਰ ਸਨ।

ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਕਿ ਕਿਸੇ ਵੀ ਕਿਸਮ ਦੀ ਮੁਸ਼ਕਿਲ ਜਾਂ ਹੋਰ ਜਾਣਕਾਰੀ ਲੈਣ ਲਈ ਆਪਣੇ ਪਿੰਡ ਨਾਲ ਸਬੰਧਤ ਖੇਤੀਬਾੜੀ ਵਿਕਾਸ/ਵਿਸਥਾਰ ਅਫ਼ਸਰ ਜਾਂ ਬਲਾਕ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਸਹਿਕਾਰਤਾ ਲਹਿਰ ਪੰਜਾਬ ਵਿੱਚ ਹਰੀ ਅਤੇ ਚਿੱਟੀ ਕ੍ਰਾਂਤੀ ਲਿਆਉਣ ਵਿੱਚ ਮੋਹਰੀ ਰਹੀ-ਵਿਧਾਇਕ ਹੈਪੀ

ਬਸੀ ਪਠਾਣਾ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਹਿਕਾਰਤਾ ਲਹਿਰ ਨੇ ਪੰਜਾਬ ਵਿੱਚ ਹਰੀ ਅਤੇ ਚਿੱਟੀ ਕ੍ਰਾਂਤੀ ਲਿਆਉਣ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ। ਅਜੋਕੇ ਸਮੇਂ ਵਿੱਚ ਇਸ ਲਹਿਰ ਬਿਨਾਂ ਆਧੁਨਿਕ ਖੇਤੀ ਅਤੇ ਪੇਂਡੂ ਭਲਾਈ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬਸੀ ਪਠਾਣਾ ਸ੍ਰੀ ਰੁਪਿੰਦਰ ਸਿੰਘ ਹੈਪੀ ਨੇ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਬਸੀ ਪਠਾਣਾ ਵੱਲੋਂ ਕਰਵਾਏ ਗਏ ਸਲਾਨਾ ਆਮ ਇਜਲਾਸ ਮੌਕੇ ਕੀਤਾ। ਉਹਨਾਂ ਕਿਹਾ ਕਿ ਸਹਿਕਾਰੀ ਵਿਕਾਸ ਬੈਂਕਾਂ ਦੀ ਸਥਾਪਨਾ ਕਿਸਾਨਾਂ ਅਤੇ ਆਮ ਲੋਕਾਂ ਦੀ ਬਿਹਤਰੀ ਲਈ ਸਕੀਮਾਂ ਦੇ ਕਰਜ਼ਿਆਂ ਦੀਆਂ ਸਹੂਲਤਾਂ ਲਈ ਕੀਤੀ ਗਈ ਹੈ।

ਵਿਧਾਇਕ ਨੇ ਬੈਂਕਾਂ ਵਿੱਚ ਵੱਧ ਤੋਂ ਵੱਧ ਅਮਾਨਤਾਂ ਰੱਖਣ, ਕਰਜ਼ਾ ਸਮੇਂ ਸਿਰ ਵਾਪਸ ਕਰਨ ਦੀ ਅਪੀਲ ਕਰਦਿਆਂ ਮੈਂਬਰਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਅਤੇ ਜਨਰਲ ਬਾਡੀ ਦੀ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਸਮੂਲੀਅਮ ਕਰਨ ਤੇ ਧੰਨਵਾਦ ਵੀ ਕੀਤਾ। ਇਸ ਮੌਕੇ ਤੇ ਪੀ.ਏ.ਡੀ.ਬੀ ਬਸੀ ਪਠਾਣਾ ਦੇ ਚੇਅਰਮੈਨ ਨੇ ਦੱਸਿਆ ਕਿ ਸਹਿਕਾਰੀ ਲਹਿਰ ਹੁਣ ਖੇਤੀ ਵਿਕਾਸ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਸ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਪ੍ਰਵੇਸ਼ ਕੀਤਾ ਹੈ। ਕਿਉਂਕਿ ਪੰਜਾਬ ਦੀ ਆਰਥਿਕਤਾ ਅੱਜ ਵੀ ਖੇਤੀ ਤੇ ਨਿਰਭਰ ਹੈ ਅਤੇ ਖੇਤੀ ਲਈ ਸਸਤੇ ਕਰਜ਼ੇ, ਮਸ਼ਿਨਰੀ ਅਤੇ ਸਹਾਇਕ ਧੰਦੇ ਅਪਣਾਉਣ ਕਾਰਨ ਪੰਜਾਬ ਤਰੱਕੀ ਵੱਲ ਜਾ ਰਿਹਾ ਹੈ । ਉਹਨਾਂ ਮੈਂਬਰਾਂ ਨੂੰ ਬੈਂਕ ਦਾ ਕਾਰੋਬਾਰ ਵਧਾਉਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਪੀ.ਏ.ਡੀ.ਬੀ. ਬਸੀ ਪਠਾਣਾ ਦੇ ਮੈਨੇਜਰ ਸ੍ਰੀਮਤੀ ਨਿਧੀ ਸ਼ਿਬੇ ਨੇ ਬੈਂਕ ਦੀ ਸਲਾਨਾ ਰਿਪੋਰਟ ਸਾਲ 2022-2023 ਪੇਸ਼ ਕੀਤੀ ਅਤੇ ਬੈਂਕ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਤੇ ਇੰਸਪੈਕਟਰ ਸ੍ਰੀ ਗੁਰਪ੍ਰੀਤ ਸਿੰਘ, ਸ.ਕਿਹਰ ਸਿੰਘ ਕੰਗ, ਸ੍ਰੀ ਸੰਤ ਸਿੰਘ ਨੰਦਪੁਰ, ਸ੍ਰੀ ਕਰਨੈਲ ਸਿੰਘ ਡਡਿਆਣਾ, ਸ. ਹਰਭਜਨ ਸਿੰਘ ਡਾਇਰੈਕਟਰ ਮਿਲਕ ਫੈਡ, ਸ. ਸਮਿੰਦਰ ਸਿੰਘ ਨਰਿਖਕ, ਸ੍ਰੀ ਗੁਰਪ੍ਰੀਤ ਸਿੰਘ ਅੰਕੜਾ ਸਹਾਇਕ ਏ. ਆਰ. ਦਫ਼ਤਰ, ਸ੍ਰੀ ਕਰਮਜੀਤ ਸਿੰਘ ਧੂੰਦਾ, ਸਾਬਕਾ ਡਾਇਰੈਕਟਰ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਪਿੰਡ ਝੁੰਮਿਆਂਵਾਲੀ ਵਿੱਚ ਵਿਕਾਸ ਕਾਰਜਾਂ ਦਾ ਨੀਹ ਪੱਥਰ -ਵਿਧਾਇਕ

ਫਾਜ਼ਿਲਕਾ, 20 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਪਿੰਡ ਝੁੰਮਿਆਂਵਾਲੀ ਵਿਖੇ ਗਊਸ਼ਾਲਾ ਵਾਲੀ ਗਲੀ ਨੂੰ ਇੰਟਰਲੋਕ ਵਾਲੀ ਗਲੀ ਬਣਾਉਣ ਦੇ ਕਾ

ਭਿੰਡੀ ਦੇ ਕੀੜਿਆਂ ਦੀ ਸੁਚੱਜੀ ਰੋਕਥਾਮ

• ਸਮਰਿਤੀ ਸ਼ਰਮਾ

ਭਿੰਡੀ ਪੰਜਾਬੀਆਂ ਦੀ ਖ਼ੁਰਾਕ ਵਿਚ ਮੁੱਖ ਤੌਰ 'ਤੇ ਸ਼ਾਮਲ ਹਨ। ਇਨ੍ਹਾਂ ਫ਼ਸਲਾਂ ਉੱਪਰ ਜੇ ਸਮਾਂ ਰਹਿੰਦਿਆਂ ਕੀੜਿਆਂ ਦੇ ਹਮਲੇ ਦੀ ਸੁਚੱਜੀ ਰੋਕਥਾਮ ਨਾ ਕੀਤੀ ਜਾਵੇ ਤਾਂ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਸਾਨੂੰ ਉਨ੍ਹਾਂ ਦੀ ਸਹੀ ਪਛਾਣ ਹੋਵੇ।

ਤੇਲਾ ਜਾਂ ਜੈਸਿਡ

ਇਹ ਰਸ ਚੂਸਣ ਵਾਲਾ ਕੀੜਾ ਹੈ। ਇਹ ਕਪਾਹ, ਭਿੰਡੀ, ਆਲੂ, ਬੈਂਗਣ ਤੇ ਨਦੀਨਾਂ ਉੱਪਰ ਪਾਇਆ ਜਾਂਦਾ ਹੈ। ਇਸ ਦਾ ਬਾਲਗ ਤੇ ਬੱਚਾ ਦੋਵੇਂ ਭਿੰਡੀਆਂ ਦੀ ਫ਼ਸਲ ਦਾ ਨੁਕਸਾਨ ਕਰਦੇ ਹਨ। ਇਸ ਦਾ ਬਾਲਗ ਪੀਲੇ ਰੰਗ ਦਾ ਹੁੰਦਾ ਹੈ। ਮਾਦਾ ਪੀਲੇ ਰੰਗ ਦੇ 15 ਆਂਡੇ ਪੱਤਿਆ ਦੇ ਹੇਠਾਂ ਦਿੰਦੀ ਹੈ। ਆਂਡਿਆਂ ਵਿੱਚੋਂ ਨਿਕਲਣ ਤੋਂ ਬਾਅਦ ਬੱਚੇ ਪੱਤਿਆਂ ਦਾ ਰਸ ਚੂਸਦੇ ਹਨ ਜਿਹੜੇ 7-21 ਦਿਨਾਂ ਵਿਚ ਬਾਲਗ ਬਣ ਜਾਂਦੇ ਹਨ। ਬਾਲਗ 3 ਮਿਲੀਮੀਟਰ ਲੰਬੇ, ਗਰਮੀਆਂ ਵਿਚ ਹਰੇ-ਪੀਲੇ ਰੰਗ ਦੇ ਤੇ ਸਰਦੀਆਂ ਦੌਰਾਨ ਇਨ੍ਹਾਂ ਦਾ ਰੰਗ ਲਾਲੀ 'ਤੇ ਹੁੰਦਾ ਹੈ। ਇਨ੍ਹਾਂ ਦੇ ਖੰਭਾਂ ਵਾਲੇ ਬਾਲਗ ਬੂਟੇ ਉੱਪਰ ਥੋੜ੍ਹੀ ਜਿਹੀ ਹਿੱਲਜੁੱਲ ਨਾਲ ਉੱਡ ਜਾਂਦੇ ਹਨ ਤੇ ਰਾਤ ਸਮੇਂ ਰੋਸ਼ਨੀ ਵੱਲ ਆਕਰਸ਼ਿਤ ਹੁੰਦੇ ਹਨ।

ਨੁਕਸਾਨ : ਇਹ ਕੀੜੇ ਭਿੰਡੀ ਦੀ ਫ਼ਸਲ ਉੱਪਰ ਮਈ ਤੋਂ ਸਤੰਬਰ ਤਕ ਹਮਲਾ ਕਰਦੇ ਹਨ ਤੇ ਬੂਟਿਆਂ ਦਾ ਰਸ ਚੂਸ ਕੇ ਨੁਕਸਾਨ ਕਰਦੇ ਹਨ। ਹਮਲੇ ਵਾਲੇ ਪੱਤਿਆਂ ਦਾ ਰੰਗ ਪਹਿਲਾਂ ਹਲਕਾ ਪੀਲਾ ਤੇ ਫਿਰ ਲਾਲੀ 'ਤੇ ਹੋ ਜਾਂਦਾ ਹੈ। ਪ੍ਰਭਾਵਿਤ ਪੱਤੇ ਉੱਪਰ ਵੱਲ ਨੂੰ ਮੁੜ ਜਾਂਦੇ ਹਨ ਤੇ ਬਾਅਦ ਵਿਚ ਸੁੱਕ ਕੇ ਝੜ ਜਾਂਦੇ ਹਨ।

ਰੋਕਥਾਮ : ਪੰਜਾਬ-8 ਕਿਸਮ ਤੇਲੇ ਦੇ ਹਮਲੇ ਨੂੰ ਕੁਝ ਹੱਦ ਤਕ ਸਹਾਰ ਸਕਦੀ ਹੈ। ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ 15 ਦਿਨ ਦੇ ਵਕਫ਼ੇ ਨਾਲ ਇਕ ਜਾਂ ਦੋ ਵਾਰ 560 ਮਿਲੀਲਿਟਰ ਮੈਲਾਥਿਆਨ 50 ਈਸੀ ਨੂੰ 100-125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

ਚਿਤਕਬਰੀ ਸੁੰਡੀ

ਇਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ, ਏਰੀਅਸ ਇਨਸੁਲਾਨਾ ਤੇ ਏਰੀਅਸ ਵਾਈਟੈਲਾ। ਏਰੀਅਸ ਇਨਸੁਲਾਨਾ ਦੇ ਪਤੰਗੇ ਦੇ ਉੱਪਰਲੇ ਖੰਭ ਪੀਲੇ ਹੁੰਦੇ ਹਨ ਜਿਸ ਉੱਪਰ ਹਰੇ ਰੰਗ ਦੀ ਚੌੜੀ ਪੱਟੀ ਹੁੰਦੀ ਹੈ। ਏਰੀਅਸ ਵਾਈਟੈਲਾ ਦੇ ਪਤੰਗੇ ਦੇ ਉੱਪਰਲੇ ਖੰਭ ਪੂਰੇ

ਹਰੇ ਹੁੰਦੇ ਹਨ। ਇਸ ਦੀ ਮਾਦਾ ਅਪ੍ਰੈਲ-ਮਈ ਵਿਚ 200-400 ਆਂਡੇ ਫੁੱਲਾਂ-ਡੋਡੀਆਂ ਤੇ ਨਰਮ ਕਰੂੰਬਲਾਂ ਉੱਪਰ ਦਿੰਦੀ ਹੈ। ਸੁੰਡੀ ਦਾ ਜੀਵਨ 10-16 ਦਿਨ ਦਾ ਹੁੰਦਾ ਹੈ। ਇਸ ਦਾ ਭੂਰੇ ਰੰਗ ਦਾ ਕੋਆ ਹੇਠਾਂ ਡਿੱਗੇ ਪੱਤਿਆਂ ਉੱਪਰ ਮਿਲਦਾ ਹੈ। ਇਸ ਦਾ ਜੀਵਨ ਚੱਕਰ 17-29 ਦਿਨਾਂ 'ਚ ਪੂਰਾ ਹੁੰਦਾ ਹੈ।

ਰੋਕਥਾਮ :

- ਪੰਜਾਬ-8 ਕਿਸਮ ਇਸ ਦੇ ਹਮਲੇ ਨੂੰ ਕੁਝ ਹੱਦ ਤਕ ਸਹਾਰ ਲੈਂਦੀ ਹੈ।
- ਮੂਢੀ ਕਪਾਹ ਦੇ ਬੂਟੇ ਖੇਤ ਵਿੱਚੋਂ ਪੁੱਟ ਦਿਓ ਕਿਉਂਕਿ ਇਹ ਸੁੰਡੀ ਇਨ੍ਹਾਂ ਬੂਟਿਆ 'ਤੇ ਪਲਦੀ ਹੈ। ਹਮਲੇ ਵਾਲੇ ਫਲ ਤੋੜ ਕੇ ਜ਼ਮੀਨ ਵਿਚ ਡੂੰਘੇ ਨੱਪ ਦਿਓ।
- ਇੱਕੋ ਫ਼ਸਲ ਲਗਾਤਾਰ ਜਾਂ ਸਾਲ-ਦਰ-ਸਾਲ ਨਾ ਬੀਜੋ ਤੇ ਡੂੰਘਾ ਵਾਹ ਕੇ ਜ਼ਮੀਨ 'ਚ ਪਏ ਕੋਏ ਨੂੰ ਬਾਹਰ ਕੱਢੋ।
- ਫੁੱਲ ਪੈਣੇ ਸ਼ੁਰੂ ਹੋਣ ਤੋਂ 15-15 ਦਿਨ ਦੇ ਵਕਫ਼ੇ 'ਤੇ ਤਿੰਨ ਛਿੜਕਾਅ 70 ਗ੍ਰਾਮ ਪ੍ਰੋਕਲੇਮ 0.5 ਐੱਸਜੀ (ਐਮਾਮੈਕਟਿਨ ਬੈਂਜੋਏਟ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈਸੀ (ਫੈਨਵੈਲਰੇਟ) ਜਾਂ 80 ਮਿਲੀਲਿਟਰ ਸਿੰਬਸ਼ 25 ਈਸੀ (ਸਾਈਪਰਮੈਥਰਿਨ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

ਮਕੌੜਾ ਜੂੰ

ਇਹ ਜੂੰ ਭਿੰਡੀ ਦੀ ਫ਼ਸਲ ਉੱਪਰ ਹਮਲਾ ਕਰਦੀ ਹੈ। ਇਸ ਦੇ ਨੁਕਸਾਨ ਕਰਨ ਦੇ ਚਿੰਨ੍ਹ ਤੇ ਜੀਵਨ ਚੱਕਰ ਬੈਂਗਣ ਦੀ ਫ਼ਸਲ ਦੇ ਸਮਾਨ ਹੁੰਦੇ ਹਨ।

ਰੋਕਥਾਮ : ਮਕੌੜਾ ਜੂੰ ਦੀ ਰੋਕਥਾਮ ਲਈ 250 ਮਿਲੀਲਿਟਰ ਮੈਟਾਸਿਸਟਾਕਸ 25 ਈਸੀ (ਔਕਸੀਡੈਮੇਟੋਨ ਮੀਥਾਈਲ) ਜਾਂ ਰੋਗਰ 30 ਈਸੀ (ਡਾਈਮੈਥੋਏਟ) ਪ੍ਰਤੀ ਏਕੜ ਦੇ ਹਿਸਾਬ ਨਾਲ 100-125 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ। •

ਕਪਾਹ ਤੇ ਨਰਮਾਂ ਸਪਰੇਅ ਮਸ਼ੀਨਾਂ ਦੀ ਅਸਰਦਾਰ ਵਰਤੋਂ

• ਮਨਜੀਤ ਸਿੰਘ, ਮਹੇਸ਼ ਕੁਮਾਰ ਨਾਰੰਗ

ਨਰਮਾ ਦੱਖਣ-ਪੱਛਮੀ ਪੰਜਾਬ ਵਿਚ ਸਾਉਣੀ ਦੀ ਮਹਤੱਵਪੂਰਨ ਫ਼ਸਲ ਹੈ। ਸਾਲ 2015-16 ਵਿਚ ਇਸ ਦੀ ਕਾਸਤ 3.35 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਗਈ। ਨਰਮੇ ਦੀ ਪੈਦਾਵਾਰ 3.88 ਲੱਖ ਗੰਢਾਂ ਹੋਈ ਤੇ ਔਸਤ ਝਾੜ 1.97 ਕੁਇੰਟਲ ਰੂੰ ਪ੍ਰਤੀ ਹੈਕਟੇਅਰ ਰਿਹਾ। ਬੀਟੀ ਨਰਮਾ ਰਸ ਚੂਸਣ ਵਾਲੇ ਕੀੜਿਆਂ ਤੇਲਾ, ਚੇਪਾ, ਚਿੱਟੀ ਮੱਖੀ ਅਤੇ ਤੰਬਾਕੂ ਸੁੰਡੀ ਦੀ ਰੋਕਥਾਮ ਲਈ ਪ੍ਰਤੀਰੋਧੀ ਨਹੀ ਹੈ। ਇਹ ਕੀੜੇ ਜੁਲਾਈ ਤੋਂ ਸਤੰਬਰ ਮਹੀਨੇ ਦੌਰਾਨ ਬੀਟੀ ਨਰਮੇ ਦਾ ਨੁਕਸਾਨ ਕਰਦੇ ਹਨ। ਇਹ ਕੀੜੇ ਨਰਮੇ ਵਿਚ ਪੱਤਾ-ਮਰੋੜ (ਲੀਫ ਕਰਲ) ਬਿਮਾਰੀ ਵੀ ਫੈਲਾਉਂਦੇ ਹਨ।

ਪੱਤਿਆਂ ਦੇ ਹੇਠਲੇ ਪਾਸੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਕੇ ਚਿੱਟੀ ਮੱਖੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਸਪਰੇਅ ਟੈਂਕ ਵਿਚ ਵੱਖ-ਵੱਖ ਕੀਟਨਾਸ਼ਕ ਬਿਨਾ ਸਾਫ਼ ਕੀਤੇ ਨਾ ਪਾਓ। ਜ਼ਹਿਰਾਂ ਦੇ ਮਿਸ਼ਰਣ ਵਰਤਣ ਤੋਂ ਸੰਕੋਚ ਕਰੋ। ਨਾਈਟ੍ਰੋਜਨ ਖਾਦ ਸਿਫਾਰਸ਼ ਮਾਤਰਾ ਤੋਂ ਵੱਧ ਨਾ ਹੋਵੇ। ਇਸ ਨਾਲ ਕੀੜੇ ਵੱਧ ਹਮਲਾ ਕਰਦੇ ਹਨ। ਰਵਾਇਤੀ ਸਪਰੇਅ ਵਿਧੀ ਨਾਲ 50 ਫ਼ੀਸਦੀ ਘੋਲ ਹੀ ਬੂਟਿਆਂ ਤਕ ਪਹੁੰਚਦਾ ਹੈ ਤੇ ਇਸ ਵਿੱਚੋਂ ਵੀ ਸਿਰਫ 0.01 ਫ਼ੀਸਦੀ ਮਾਤਰਾ ਕੀੜਿਆਂ ਤਕ ਪਹੁੰਚਦੀ ਹੈ। ਇਸ ਲਈ ਹਵਾ ਦੇ ਦਬਾਅ ਨਾਲ ਚੱਲਣ ਵਾਲੇ ਸਪਰੇਅਰ ਤੇ ਇਲੈਕਟ੍ਰੋਸਟੈਟਿਕ ਸਪਰੇਅਰ ਵਰਗੀਆਂ ਤਕਨੀਕਾਂ ਦਵਾਈ ਦੇ ਛਿੜਕਾਅ ਲਈ ਫ਼ਾਇਦੇਮੰਦ ਹਨ। ਇਨ੍ਹਾਂ ਵਿਚ ਲੱਗਣ ਵਾਲੀਆਂ ਨੋਜ਼ਲਾਂ ਦੀ ਚੋਣ ਤੇ ਪੰਪਾਂ ਦੀ ਅਸਰਦਾਰ ਵਰਤੋਂ ਕਪਾਹ ਦੇ ਕੀੜਿਆਂ ਦੀ ਸਹੀ ਰੋਕਥਾਮ ਲਈ ਜ਼ਰੂਰੀ ਹੈ। ਕੀੜਿਆਂ, ਬਿਮਾਰੀਆਂ ਤੇ ਨਦੀਨਾਂ ਦੀ ਰੋਕਥਾਮ ਲਈ ਛਿੜਕਾਅ ਦਾ ਸਹੀ ਢੰਗ ਬਹੁਤ ਅਰਥਪੂਰਨ ਹੈ।

ਨੋਜ਼ਲ ਦੀ ਚੋਣ

ਫਲੈਟ ਫੈਨ ਨੋਜ਼ਲ ਸਮਤਲ ਪੱਟੀ ਵਾਂਗ ਛਿੜਕਾਅ ਕਰਦੀ ਹੈ ਤੇ ਨਦੀਨਾਂ ਦੀ ਰੋਕਥਾਮ ਲਈ ਵਰਤੀ ਜਾਂਦੀ ਹੈ। ਹੈਲੋਕੋਨ ਨੋਜ਼ਲਾਂ ਬਾਰੀਕ ਬੁੰਦਾ ਬਣਾਉਂਦੀਆਂ ਹਨ ਜਿਸ ਨਾਲ ਪੱਤਿਆਂ 'ਤੇ ਪੂਰਾ ਛਿੜਕਾਅ ਹੁੰਦਾ ਹੈ। ਜਦੋਂ ਸਪਰੇਅ ਨੂੰ ਪੂਰੇ ਦਬਾਅ ਨਾਲ ਫ਼ਸਲ ਦੇ ਅੰਦਰ ਤਕ ਭੇਜਣਾ ਹੋਵੇ ਤੇ ਨਰਮੇ ਵਿਚ ਚਿੱਟੀ ਮੱਖੀ ਦੀ ਰੋਕਥਾਮ ਕਰਨੀ ਹੋਵੇ ਤਾਂ ਸੋਲਿਡ ਕੋਨ ਨੋਜ਼ਲ ਦੀ ਵਰਤੋਂ ਕਰੋ। ਕੀੜਿਆਂ ਦੀ ਰੋਕਥਾਮ ਲਈ ਕੋਨ ਟਾਈਪ ਨੋਜ਼ਲ 'ਚ ਸਪਰੇਅ ਦਾ ਵਹਾਅ ਕਰੀਬ 600 ਮਿਲੀਲਿਟਰ ਪ੍ਰਤੀ ਮਿੰਟ ਹੋਣਾ ਜ਼ਰੂਰੀ ਹੈ। ਨੋਜ਼ਲਾਂ ਦੀ ਟਿਪ ਦੇ ਘਸਣ ਨਾਲ ਇਨ੍ਹਾਂ ਦੀ ਕੰਮ ਕਰਨ ਦੀ ਸਮਰਥਾ 'ਚ ਤਬਦੀਲੀ ਆ ਜਾਂਦੀ ਹੈ। ਤਾਂਬੇ ਦੀਆਂ ਨੋਜ਼ਲਾਂ ਦੀ ਘਿਸਾਈ ਐਲੂਮੀਨੀਅਮ ਦੀਆਂ ਨੋਜ਼ਲਾਂ ਦੇ ਮੁਕਾਬਲੇਇਕ-ਤਿਹਾਈ ਹੀ ਹੁੰਦੀ ਹੈ। ਸਟੇਨਲੈੱਸ ਸਟੀਲ ਤੇ ਪਲਾਸਟਿਕ ਦੀਆਂ ਨੋਜ਼ਲਾਂ ਦੀ ਘਿਸਾਈ ਤਾਂਬੇ ਵਾਲੀਆਂ ਨੋਜ਼ਲਾਂ ਦੇ ਮੁਕਾਬਲੇ ਇਕ-ਚੌਥਾਈ ਹੁੰਦੀ ਹੈ। ਨੋਜ਼ਲ ਦੀ ਘਿਸਾਈ ਪਹਿਲੇ 50 ਘੰਟਿਆਂ ਵਿਚ ਜ਼ਿਆਦਾ ਹੁੰਦੀ ਹੈ। ਘਿਸਾਈ ਸਪਰੇਅ ਵਾਲੇ ਪਦਾਰਥਾਂ 'ਤੇ ਵੀ ਨਿਰਭਰ ਕਰਦੀ ਹੈ। ਇਸ ਲਈ ਨੋਜ਼ਲ ਦੀ ਕੰਮ ਕਰਨ ਦੀ ਸਮਰਥਾ ਦੀ ਸਮੇਂ-ਸਮੇਂ ਜਾਂਚ ਕਰਦੇ ਰਹੋ ਤੇ ਘਸੀਆਂ ਹੋਈਆਂ ਨੋਜ਼ਲਾਂ ਨੂੰ ਹਟਾ ਦੇਵੋ।

ਸਵੈ ਘੁਮਾਅ ਗੰਨ ਸਪਰੇਅਰ

ਸਵੈ ਘੁਮਾਅ ਸਪਰੇਅਰ ਵਿਚ ਦੋ ਗੰਨਾਂ 9.5 ਮੀਟਰ ਬੂਮ ਦੇ ਕਿਨਾਰੇ 'ਤੇ ਲੱਗੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ ਇਸ ਵਿਚ ਡੀਸੀ ਮੋਟਰ, ਹਾਈਡਰੋਲਿਕ ਪਿਸਟਨ ਪੰਪ ਤੇ ਸਪਰੇਅ ਟੈਂਕ (600 ਲਿਟਰ) ਪ੍ਰਮੁੱਖ ਹਨ, ਹਰੇਕ ਗੰਨ 120 ਡਿਗਰੀ ਤਕ 35-40 ਕਿੱਲੋ ਪ੍ਰਤੀ ਵਰਗ ਸੈਂਟੀਮੀਟਰ ਪ੍ਰੈਸ਼ਰ 'ਤੇ ਘੁੰਮਦੀ ਹੈ ਅਤੇ 30 ਮੀਟਰ ਦੀ ਦੂਰੀ ਤਕ ਅਸਰਦਾਰ ਤਰੀਕੇ ਨਾਲ ਸਪਰੇਅ ਕਰਦੀ ਹੈ। ਇਸ ਵਿਚਲੀ ਕਿਸੇ ਵੀ ਗੰਨ ਨੂੰ ਬੰਦ ਜਾਂ ਚਾਲੂ ਕੀਤਾ ਜਾ ਸਕਦਾ ਹੈ ਤੇ ਗੰਨਾਂ ਦੀ ਸਪੀਡ 30 ਜਾਂ 40 ਚੱਕਰ ਪ੍ਰਤੀ ਮਿੰਟ 'ਤੇ ਸੈੱਟ ਕੀਤੀ ਜਾ ਸਕਦੀ ਹੈ। ਇਸ ਸਪਰੇਅਰ ਦੀ ਕਾਰਗੁਜ਼ਾਰੀ ਪਿੱਠੂ ਸਪਰੇਅਰ ਨਾਲੋਂ ਵਧੀਆ ਹੈ ਤੇ ਇਹ ਚਿੱਟੀ ਮੱਖੀ ਦੇ ਬੱਚੇ 85 ਤੋਂ 95 ਫ਼ੀਸਦੀ ਤਕ ਮਾਰ ਦਿੰਦੀ ਹੈ। ਇਸ ਸਪਰੇਅਰ ਦੀ ਕੰਮ ਕਰਨ ਦੀ ਸਮਰਥਾ 3-4 ਏਕੜ ਪ੍ਰਤੀ ਘੰਟਾ ਹੈ।

ਸਪਰੇਅਰਜ਼ ਦੀ ਕੈਲੀਬਰੇਸਨ

ਛੁੱਕਵੇਂ ਸਪਰੇਅ ਵਾਸਤੇ ਵੱਖ-ਵੱਖ ਮਾਪਦੰਡ, ਜਿਵੇਂ ਪੰਪ ਦਾ ਪ੍ਰੈਸ਼ਰ, ਚੱਲਣ ਦੀ ਗਤੀ, ਬੂਮ ਦੀ ਉਚਾਈ, ਨੋਜ਼ਲਾਂ ਦਾ ਆਪਸੀ ਫ਼ਾਸਲਾ ਤੇ ਘੋਲ ਦੀ ਮਾਤਰਾ ਦਾ ਤਾਲਮੇਲ ਬੇਹੱਦ ਲਾਜ਼ਮੀ ਹੈ। ਇਨ੍ਹਾਂ ਮਾਪਦੰਡਾਂ ਨੂੰ ਇਕਸਾਰ ਕਰਨ ਲਈ ਸਪਰੇਅਰ ਦੀ ਸਮੇਂ-ਸਮੇਂ ਕੈਲੀਬਰੇਸਨ ਕੀਤੀ ਜਾਣੀ ਚਾਹੀਦੀ ਹੈ। ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਪਿੱਠੂ ਸਪਰੇਅਰਾਂ ਦੁਆਰਾ ਕੀਟ ਨਾਸ਼ਕ ਸਪਰੇਅ ਦਾ ਘੋਲ 125 ਤੋਂ 150 ਲਿਟਰ ਪ੍ਰਤੀ ਏਕੜ ਤੇ ਟ੍ਰੈਕਟਰ/ਇੰਜਨ ਨਾਲ ਚੱਲਣ ਵਾਲੇ ਸਪਰੇਅਰਾਂ ਲਈ 75 ਲਿਟਰ ਪ੍ਰਤੀ ਏਕੜ ਜਾਂ 12-15 ਲਿਟਰ ਪਾਣੀ ਵਿਚ ਮਿਲਾ ਕੇ ਮੋਹਿਆਂ 'ਤੇ ਲਾ ਕੇ ਹਵਾ ਦੇ ਸਹਿਯੋਗ ਨਾਲ ਚਲਣ ਵਾਲੇ ਬੈਕਪੈਕ ਕਿਸਮ ਦੇ ਇਲੈਕਟ੍ਰੋਸਟੈਟਿਕ ਸਪਰੇਅਰ ਜਾਂ 300-400 ਲਿਟਰ ਪਾਣੀ 'ਚ ਮਿਲਾ ਕੇ ਸਵੈ ਘੁੰਮਾਅ ਗੰਨ ਸਪਰੇਅਰ ਜਾਂ 250-400 ਲਿਟਰ ਪਾਣੀ 'ਚ ਮਿਲਾਕੇ ਟ੍ਰੈਕਟਰ ਨਾਲ ਚਲਣ ਵਾਲੇ ਪੀਏਯੂ ਬਹੁਮੰਤਵੀ ਹਾਈ ਕਲੀਅਰੈਂਸ ਸਪਰੇਅਰ ਸਪਰੇਅ ਕਰੋ। ਚਿੱਟੀ ਮੱਖੀ ਦੀ ਰੋਕਥਾਮ ਲਈ ਸਪਰੇਅਰਾਂ ਦੀ ਕੈਲੀਬਰੇਸਨ ਵਾਸਤੇ ਕੀਟ ਨਾਸ਼ਕਾਂ ਦੀ ਮਾਤਰਾ 600 ਮਿਲੀਲਿਟਰ ਪ੍ਰਤੀ ਏਕੜ ਹੈ। ਹਰ ਨੋਜ਼ਲ 'ਚੋਂ ਨਿਕਲਣ ਵਾਲੇ ਘੋਲ ਨੂੰ ਮਿਲੀਲਿਟਰ ਪ੍ਰਤੀ ਮਿੰਟ ਦੇ ਹਿਸਾਬ ਨਾਲ ਮਾਪੋ। ਮੰਨ ਲਉ 18 ਨੋਜ਼ਲਾਂ ਤੋਂ ਇਕੱਤਰ ਹੋਇਆ ਕੁਲ ਘੋਲ 10 ਲਿਟਰ ਪ੍ਰਤੀ ਮਿੰਟ ਹੈ। ਜੇ ਸਪਰੇਅਰ 4 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਚਲਦਾ ਹੈ ਤੇ ਸਪਰੇਅਰ ਦੀਆਂ ਨੋਜ਼ਲਾਂ 75 ਸੈਂਟੀਮੀਟਰ ਦੀ ਵਿਥ 'ਤੇ ਬੂਮ ਉੱਪਰ ਲਗਾਈਆਂ ਹਨ ਤੇ ਬੂਮ ਦੀ ਫ਼ਸਲ ਤੋਂ ਉਚਾਈ 50 ਸੈਂਟੀਮੀਟਰ ਹੋਵੇ ਤਾਂ ਛਿੜਕਾਅ ਇਕਸਾਰ ਹੋਵੇਗਾ। ਸਪਰੇਅਰ ਦੀ ਕਾਰਜਕੁਸ਼ਲਤਾ 80 ਫ਼ੀਸਦੀ ਮੰਨੀ ਜਾ ਸਕਦੀ ਹੈ।

ਹਾਈ ਕਲੀਅਰੈਂਸ ਸਪਰੇਅਰ

ਇਸ ਵਿਚ ਜ਼ਮੀਨੀ ਵਿੱਥ ਤੋਂ ਉੱਚੇ ਪਲੈਟਫਾਰਮ ਨੂੰ 2 ਵੀਲ੍ਹ ਡ੍ਰਾਈਵ ਟ੍ਰੈਕਟਰ ਲਈ ਵਿਕਸਤ ਕੀਤਾ ਗਿਆ ਹੈ। ਇਸ ਵਿਚ ਤਿੰਨ ਤਰ੍ਹਾਂ ਦੇ ਸਪਰੇਅਰ ਸਿਸਟਮ ਹਨ ਜਿਵੇਂ-ਸਵੈ ਚਲਿਤ ਗੰਨ, ਬੂਮ ਤੇ ਡਰਾਪਅੱਪ ਨੋਜ਼ਲਾਂ। ਸਪਰੇਅ ਪੰਪ 'ਚ ਹਾਈਡਰੋਲਿਕ ਪੰਪ, ਇਕ ਹਜ਼ਾਰ ਲਿਟਰ ਦਾ ਸਪਰੇਅ ਟੈਂਕ, ਪ੍ਰੈਸ਼ਰ ਗੇਜ਼ ਤੇ ਹਾਈਡਰੋਲਿਕ ਸਿਸਟਮ, ਬੂਮ ਨੂੰ ਉਪਰ-ਥੱਲੇ ਕੰਟਰੋਲ ਕਰਦਾ ਹੈ। ਪੰਪ ਨੂੰ 800 ਚੱਕਰ ਪ੍ਰਤੀ ਮਿੰਟ 'ਤੇ ਚਲਾਉਣ ਨਾਲ 35 ਕਿੱਲੋ ਪ੍ਰਤੀ ਵਰਗ ਸੈਂਟੀਮੀਟਰ ਦਾ ਦਬਾਅ ਪੈਦਾ ਹੁੰਦਾ ਹੈ। ਬੂਮ ਤੇ ਡਰਾਪਅੱਪ ਨੋਜ਼ਲਾਂ ਸਿਸਟਮ ਵਿਚ 14 ਨੋਜ਼ਲਾਂ ਬੂਮ ਉਤੇ, 13 ਡਰਾਪਅੱਪ ਨੋਜ਼ਲਾਂ (ਟੀ ਜ਼ੈੱਟ) ਜੋ ਕਿ 9.8 ਮੀਟਰ ਲੰਬੀ ਬੂਮ ਅਤੇ ਨੋਜ਼ਲਾਂ ਵਿਚਕਾਰ ਫ਼ਾਸਲਾ 67.5 ਸੈਂਟੀਮੀਟਰ ਹੈ। ਬੂਮ ਉਪਰ ਫਿਟ ਨੋਜ਼ਲਾਂ ਨਾਲ ਫ਼ਸਲ ਉੱਤੇ ਤੇ ਡਰਾਪਅੱਪ ਨੋਜ਼ਲਾਂ ਨਾਲ ਫ਼ਸਲ ਦੇ 65-75 ਸੈਂਟੀਮੀਟਰ ਹੇਠਾਂ ਤੋਂ ਪੱਤਿਆਂ 'ਤੇ ਸਪਰੇਅ ਹੁੰਦੀ ਹੈ, ਜੋ ਚਿੱਟੀ ਮੱਖੀ ਨੂੰ ਮਾਰਦੀ ਹੈ। ਬੂਮ ਦੀ ਉਚਾਈ ਨੂੰ ਫ਼ਸਲ ਦੀ ਉਚਾਈ ਮੁਤਾਬਿਕ ਉੱਤੇ-ਹੇਠਾਂ ਕੀਤਾ ਜਾ ਸਕਦਾ ਹੈ।

ਸਵੈ-ਘੁਮਾਅ ਸਿਸਟਮ 'ਤੇ ਦੋ ਗੰਨਜ਼ 9.5 ਮੀਟਰ ਬੂਮ ਦੇ ਕਿਨਾਰੇ 'ਤੇ ਲੱਗੀਆਂ ਹਨ ਤੇ ਇਕ ਗੰਨ 35 ਕਿੱਲੋ ਵਰਗ ਸੈਂਟੀਮੀਟਰ ਪ੍ਰੈਸ਼ਰ ਨਾਲ 10 ਮੀਟਰ ਦੇ ਅਰਧ ਵਿਆਸ ਤਕ ਸਪਰੇਅ ਮਾਰਦੀ ਹੈ। ਇਹ ਗੰਨਜ਼ 120 ਡਿਗਰੀ ਕੋਣ ਤਕ ਘੁੰਮਦੀਆਂ ਹਨ ਤੇ 20 ਮੀਟਰ ਦੀ ਦੂਰੀ ਤਕ ਸਪਰੇਅ ਕਰਦੀਆਂ ਹਨ। ਇਸ ਸਪਰੇਅਰ ਨਾਲ 92-95 ਫ਼ੀਸਦੀ ਚਿੱਟੀ ਮੱਖੀ ਦੇ ਨਿੰਫ ਤੇ 65-75 ਫ਼ੀਸਦੀ ਚਿੱਟੀ ਮੱਖੀ ਦੇ ਬਾਲਗ ਮਰਦੇ ਹਨ, ਜਦਕਿ ਪਿੱਠੂ ਸਪਰੇਅਰ ਨਾਲ ਚਿੱਟੀ ਮੱਖੀ ਦੇ ਬਾਲਗ 50-65 ਫ਼ੀਸਦੀ ਹੀ ਮਰਦੇ ਹਨ। ਇਸ ਦੀ ਸਮਰਥਾ 5 ਏਕੜ ਪ੍ਰਤੀ ਘੰਟਾ (ਗੰਨਜ਼ ਨਾਲ) ਤੇ 2.5 ਏਕੜ ਪ੍ਰਤੀ ਘੰਟਾ (ਬਿਨਾ ਗੰਨਜ਼ ਤੋਂ) ਹੈ।

ਬੈਕਪੈਕ ਟਾਈਪ ਇਲੈਕਟ੍ਰੋਸਟੈਟਿਕ ਸਪਰੇਅਰ

ਕਪਾਹ ਦੀ ਫ਼ਸਲ ਲਈ 6.5 ਹਾਰਸ ਪਾਵਰ ਦੇ ਇੰਜਨ ਵਾਲੇ ਕੰਪਰੈਸ਼ਰ ਤੇ ਸਪਰੇਅ ਗੰਨ ਵਾਲੇ ਬੈਕਪੈਕ ਟਾਈਪ ਇਲੈਕਟ੍ਰੋਸਟੈਟਿਕ ਸਪਰੇਅਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇੰਜਨ ਨਾਲ ਚੱਲਣ ਵਾਲਾ ਕੰਪਰੈਸਰ ਹਵਾ ਦਾ ਦਬਾਅ ਬਣਾਉਂਦਾ ਹੈ, ਜੋ ਘੋਲ ਨੂੰ ਸੂਖ਼ਮ ਬੁੰਦਾਂ 'ਚ ਤਬਦੀਲ ਕਰਦਾ ਹੈ। ਇਸ ਸਪਰੇਅਰ ਵਿਚ 15 ਲਿਟਰ ਦੀ ਟੈਂਕੀ, 9 ਵੋਲਟ ਦੀ ਰੀਚਾਰਜ ਹੋਣ ਵਾਲੀ ਬੈਟਰੀ ਤੇ ਸਪਰੇਅ ਗੰਨ ਵਾਲੀ ਨੋਜ਼ਲ ਅਸੰਬਲੀ ਵਰਤੀ ਜਾਂਦੀ ਹੈ। ਸਪਰੇਅ ਦੌਰਾਨ ਗੰਨ

ਤੇਜਿੰਦਰਪਾਲ ਟਿੰਮਾ ਵਿਰੁੱਧ ਦਰਜ ਪਰਚਾ ਰੱਦ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਦੇ ਵਫਦ ਨੇ ਪੁਲਸ ਮੁਖੀ ਨੂੰ ਸੌਂਪਿਆ ਪੱਤਰ

ਏਜੰਸੀਆਂ

ਜੈਤੋ 20 ਜੁਲਾਈ। ਬੀਤੇ ਦਿਨੀਂ ਰਾਜਸਥਾਨ ਦੇ ਸਿੱਖ ਆਗੂ ਤੇਜਿੰਦਰਪਾਲ ਸਿੰਘ ਟਿੰਮਾ ਦੇ ਵਿਰੁੱਧ ਦੇਸ਼ ਧ੍ਰੋਹ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ। ਇਸ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਇੱਕ ਵਫਦ ਨੇ ਸ੍ਰੀ ਗੰਗਾਨਗਰ ਜ਼ਿਲ੍ਹਾ ਦੇ ਪੁਲਸ ਮੁਖੀ ਗੌਰਵ ਯਾਦਵ ਨਾਲ ਮੁਲਾਕਾਤ ਕਰਕੇ ਇਹ ਪਰਚਾ ਰੱਦ ਕਰਨ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਵਫਦ ਵਿੱਚ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਮਰਜੀਤ ਸਿੰਘ ਚਾਵਲਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਜਗਸੀਰ ਸਿੰਘ ਮਾਂਗੇਆਣਾ ਸ਼ਾਮਲ ਸਨ। ਸ਼੍ਰੋਮਣੀ ਕਮੇਟੀ ਵਫਦ ਨੇ ਪੁਲਸ ਮੁਖੀ ਨੂੰ ਲਿਖਤੀ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਖਿਲਾਫ ਲਗਾਏ ਦੋਸ਼ ਬਿਲਕੁਲ ਬੇਬੁਨਿਆਦ ਹਨ ਅਤੇ ਇਹ ਸਿੱਖਾਂ ਨਾਲ ਅਨਿਆਂ ਵੀ ਹੈ। ਇਸ ਨਾਲ ਸਿੱਖ ਕੌਮ ਅੰਦਰ ਭਾਰੀ ਰੋਸ ਦੀ ਭਾਵਨਾ ਪੈਦਾ ਹੋਈ ਹੈ, ਜਿਸ ਦੇ ਮੱਦੇਨਜਰ ਇਹ ਪਰਚਾ ਤੁਰੰਤ ਰੱਦ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤਰਫੋਂ ਸਿੱਖ ਸੰਸਥਾ ਦੇ ਵਫਦ ਮੈਂਬਰਾਂ ਨੇ ਕਿਹਾ ਕਿ ਸਿੱਖਾਂ ਨੇ ਹਮੇਸ਼ਾ ਦੇਸ਼ ਦੀ ਤਰੱਕੀ ਲਈ ਵੱਡਾ ਯੋਗਦਾਨ ਪਾਉਣ ਦੇ ਨਾਲ-ਨਾਲ ਭਾਈਚਾਰਕ ਸਾਂਝ ਅਤੇ ਮਾਨਵ ਭਲਾਈ ਲਈ ਵੀ ਮੋਹਰੀ ਭੂਮਿਕਾ ਨਿਭਾਈ ਹੈ। ਭਾਈ ਤੇਜਿੰਦਰਪਾਲ ਸਿੰਘ ਟਿੰਮਾ ਇੱਕ ਸਿੱਖ ਆਗੂ ਵਜੋਂ ਧਰਮ ਪ੍ਰਚਾਰ ਖੇਤਰ ਅਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਰਾਜਸਥਾਨ ਸੂਬੇ ਅੰਦਰ ਜ਼ਿਕਰਯੋਗ ਕਾਰਜ ਕਰ ਰਹੇ ਹਨ। ਅਜਿਹੀ ਸਖਸੀਅਤ ਨੂੰ ਕੁਝ ਲੋਕਾਂ ਵੱਲੋਂ ਜਾਣਬੁੱਝ ਕੇ ਨਿਸਾਨਾ ਬਣਾਇਆ ਜਾ ਰਿਹਾ ਹੈ ਅਤੇ ਭਾਈਚਾਰਕ ਸਾਂਝਾਂ ਵਿੱਚ ਵਿਗਾੜ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਸ੍ਰੀ ਗੰਗਾਨਗਰ ਪੁੱਜੇ ਸ਼੍ਰੋਮਣੀ ਕਮੇਟੀ ਦੇ ਵਫਦ ਨੇ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਅਤੇ ਇਲਾਕੇ ਦੀ ਸੰਗਤ ਤੇ ਪ੍ਰਮੁਖ ਸਖਸੀਅਤਾਂ ਨਾਲ ਮੁਲਾਕਾਤ ਕਰਕੇ ਇਸ ਮਾਮਲੇ ਵਿੱਚ ਸਿੱਖ ਸੰਸਥਾ ਵੱਲੋਂ ਉਨ੍ਹਾਂ ਦੇ ਨਾਲ ਖੜ੍ਹਣ ਦੀ ਵਚਨਬੱਧਤਾ ਦਹੁਰਾਈ। ਇਸ ਮੌਕੇ ਹਰਪ੍ਰੀਤ ਸਿੰਘ ਭਾਟੀਆ, ਸਤਨਾਮ ਸਿੰਘ ਲਾਡਾ, ਹਰਸਿਮਰਨ ਸਿੰਘ, ਕਾਰਜ ਸਿੰਘ, ਬੀਬੀ ਹਰਮੀਤ ਕੌਰ, ਬਾਬਾ ਗਗਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸਿੱਖ ਸਖਸੀਅਤਾਂ ਤੇ ਸੰਗਤਾਂ ਹਾਜਰ ਸਨ।

ਪੰਜਾਬ 'ਚ ਇਸ ਬੀਮਾਰੀ ਦਾ ਵੱਧ ਸਕਦੈ ਪ੍ਰਕੋਪ, ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਹੋਈਆਂ ਸਖਤ ਹਦਾਇਤਾਂ

ਸਰਦੂਲ ਸਿੰਘ

ਜਲੰਧਰ/ਚੰਡੀਗੜ੍ਹ 20 ਜੁਲਾਈ। ਸੂਬੇ ਦੇ ਕੁਝ ਸ਼ਹਿਰਾਂ 'ਚ ਡਾਇਰੀਆ ਦੇ ਪ੍ਰਕੋਪ ਨੂੰ ਬੜੀ ਗੰਭੀਰਤਾ ਨਾਲ ਲੈਂਦੇ ਹੋਏ ਜਨਰਲ ਸਕੱਤਰ ਅਨੁਰਾਗ ਵਰਮਾ ਨੇ ਮੰਗਲਵਾਰ ਨੂੰ ਸੂਬੇ ਦੇ ਸਾਰੇ ਡਿਪਟੀ ਕਮਿਸਨਰਾਂ ਨਾਲ ਇਕ ਐਮਰਜੈਂਸੀ ਮੀਟਿੰਗ ਕੀਤੀ। ਮੀਟਿੰਗ 'ਚ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ, ਨਗਰ ਨਿਗਮ ਕਮਿਸ਼ਨਰ, ਉਕਤ ਡਿਪਟੀ ਕਮਿਸਨਰ (ਸ਼ਹਿਰੀ ਵਿਕਾਸ), ਐੱਕਸ. ਈ. ਐੱਨ., ਈ.ਓ. ਅਤੇ ਸਿਵਲ ਸਰਜਨ ਵੀ ਸ਼ਾਮਲ ਹੋਏ। ਮੀਟਿੰਗ 'ਚ ਵਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੜੇ ਸਪੱਸ਼ਟ ਹੁਕਮ ਜਾਰੀ ਕੀਤੇ ਹਨ ਕਿ ਸਾਰੇ ਨਗਰ ਨਿਗਮਾਂ ਅਤੇ ਨਗਰ ਕਮੇਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦੈ ਕਿ ਉਨ੍ਹਾਂ ਦੇ ਸਬੰਧਤ ਅਧਿਕਾਰ ਖੇਤਰਾਂ 'ਚ 100 ਫੀਸਦੀ ਪ੍ਰਦੂਸ਼ਣ ਮੁਕਤ ਪੀਣ ਵਾਲਾ ਪਾਣੀ ਮੁਹੱਈਆ ਹੋਵੇ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ, ਕਮਿਸ਼ਨਰ ਨਗਰ ਨਿਗਮਾਂ (ਸੀ. ਐੱਮ. ਸੀ) ਅਤੇ ਕਾਰਜਕਾਰੀ ਅਧਿਕਾਰੀਆਂ (ਈ. ਓ.) ਨੂੰ ਹੁਕਮ ਦਿੱਤੇ ਕਿ ਉਹ ਆਪਣੇ ਅਧਿਕਾਰ ਖੇਤਰ 'ਚ ਆਉਣ ਵਾਲੇ ਸੰਵੇਦਨਸ਼ੀਲ ਖੇਤਰਾਂ ਅਤੇ ਝੁੱਗੀਆਂ-ਝੋਂਪੜੀਆਂ ਦਾ ਨਿੱਜੀ ਤੌਰ 'ਤੇ ਦੌਰਾ ਕਰਨ। ਜਿੱਥੇ ਵੀ ਪੀਣ ਦੇ ਪਾਣੀ ਦੇ ਦੂਸ਼ਿਤ ਹੋਣ ਦੀ ਸੰਭਾਵਨਾ ਹੈ, ਉੱਥੇ ਤੁਰੰਤ ਇਲਾਜ ਅਧੀਨ ਕਦਮ ਚੁੱਕੇ ਜਾਣ। ਵਰਮਾ ਨੇ ਸਥਾਨਕ ਨਿਕਾਸ ਸਕੱਤਰ ਨੂੰ ਹੁਕਮ ਦਿੱਤੇ ਕਿ ਉਹ ਸਾਰੇ ਸੀ. ਐੱਮ. ਸੀ. ਅਤੇ ਈ. ਓ. ਤੋਂ ਪ੍ਰਮਾਣ ਪੱਤਰ ਲੈਣ ਕਿ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਆਉਣ ਵਾਲੇ ਸਾਰੇ ਖੇਤਰਾਂ 'ਚ ਪ੍ਰਦੂਸ਼ਣ ਮੁਕਤ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਵਰਮਾ ਨੇ ਪ੍ਰਮੁੱਖ ਸਕੱਤਰ ਜਲ ਸਪਲਾਈ ਅਤੇ ਸਵੱਛਤਾ ਨੂੰ ਗ੍ਰਾਮੀਣ ਖੇਤਰਾਂ 'ਚ ਵੀ ਇਸੇ ਤਰ੍ਹਾਂ ਦੀ ਕਵਾਇਦ ਕਰਨ ਦਾ ਹੁਕਮ ਦਿੱਤਾ। ਸਾਰੇ ਐੱਕਸ. ਈ. ਐੱਮ. ਅਤੇ ਐੱਸ. ਡੀ. ਓ. ਨੂੰ ਸਾਰੇ ਪਿੰਡਾਂ ਅਤੇ ਹੋਰ ਖਾਸ

ਤੌਰ 'ਤੇ ਸੰਵੇਦਨਸ਼ੀਲ ਖੇਤਰਾਂ ਦਾ ਨਿੱਜੀ ਤੌਰ 'ਤੇ ਦੌਰਾ ਕਰਨ ਦਾ ਹੁਕਮ ਦਿੱਤਾ ਗਿਆ। ਪ੍ਰਮੁੱਖ ਸਕੱਤਰ ਜਲ ਸਪਲਾਈ ਅਤੇ ਸਵੱਛਤਾ ਨੂੰ ਸਾਰੇ ਐੱਕਸ. ਈ. ਐੱਮ. ਅਤੇ ਐੱਸ. ਡੀ. ਓ. ਤੋਂ ਪ੍ਰਮਾਣ ਪੱਤਰ ਲੈਣ ਦਾ ਹੁਕਮ ਦਿੱਤਾ ਕਿ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਆਉਣ ਵਾਲੇ ਸਾਰੇ ਖੇਤਰਾਂ 'ਚ ਪ੍ਰਦੂਸ਼ਣ ਮੁਕਤ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਨੁਸਾਰ, ਵਰਮਾ ਨੇ ਸਕੱਤਰ ਸਿਹਤ ਨੂੰ ਹੁਕਮ ਦਿੱਤੇ ਕਿ ਲਏ ਜਾਣ ਵਾਲੇ ਪਾਣੀ ਦੇ ਨਮੂਨਿਆਂ ਦੀ ਗਿਣਤੀ ਦੁੱਗਣੀ ਕੀਤੀ ਜਾਵੇ। ਅਜਿਹਾ ਕਰਦੇ ਸਮੇਂ, ਝੁੱਗੀਆਂ- ਝੋਂਪੜੀਆਂ ਅਤੇ ਸੰਵੇਦਨਸ਼ੀਲ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਜਿੱਥੇ ਵੀ ਕੋਈ ਸੈਂਪਲ ਫੇਲ੍ਹ ਹੋਵੇ, ਮਾਮਲੇ ਦੀ ਸੂਚਨਾ ਤੁਰੰਤ ਸਬੰਧਤ ਡਿਪਟੀ ਕਮਿਸ਼ਨਰ ਨੂੰ ਦਿੱਤੀ ਜਾਵੇ ਜੋ ਬਦਲੇ 'ਚ ਉਸ ਖੇਤਰ 'ਚ ਪਾਣੀ ਦੀ ਸਪਲਾਈ ਲਈ ਜ਼ਿੰਮੇਵਾਰ ਅਧਿਕਾਰੀ ਵਿਰੁੱਧ ਸਖਤ ਕਾਰਵਾਈ ਕਰੇ। ਅਜਿਹੇ ਖੇਤਰਾਂ 'ਚ ਤੁਰੰਤ ਟੈਂਕਰਾਂ ਰਾਹੀਂ ਪੀਣ ਯੋਗ ਪਾਣੀ ਮੁਹੱਈਆ ਕਰਾਇਆ ਜਾਣਾ ਚਾਹੀਦੈ। ਇਸ ਦੇ ਇਲਾਵਾ, ਉਚਿਤ ਮਾਤਰਾ 'ਚ ਕਲੋਰੀਨ ਦੀਆਂ ਗੋਲੀਆਂ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਵਰਮਾ ਨੇ ਸਕੱਤਰ ਸਿਹਤ ਨੂੰ ਇਹ ਵੀ ਹੁਕਮ ਦਿੱਤਾ ਕਿ ਉਹ ਹਣ ਤੱਕ ਬਿਮਾਰ ਹੋਏ ਲੋਕਾਂ ਦਾ ਮੁਫਤ ਅਤੇ ਉਚਿਤ ਇਲਾਜ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਡੀ. ਸੀ. ਨੂੰ ਰੋਜਾਨਾ ਆਧਾਰ 'ਤੇ ਸਥਿਤੀ ਦੀ ਬਾਰੀਕੀ ਨਾਲ ਨਿਗਰਾਨੀ ਕਰਨ ਤੇ ਉਪਰੋਕਤ ਹੁਕਮਾਂ ਦਾ ਸਖਤੀ ਨਾਲ ਲਾਗੂ ਕਰਨ ਯਕੀਨੀ ਬਣਾਉਣ ਦੇ ਹੁਕਮ ਦਿੱਤੇ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਸ ਮੋਰਚੇ 'ਤੇ ਕਿਸੇ ਵੱਲੋਂ ਕੋਈ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ 'ਚ ਵਿੱਤ ਕਮਿਸ਼ਨ ਗ੍ਰਾਮਣੀ ਵਿਕਾਸ ਅਤੇ ਪੰਚਾਇਤ ਆਲੋਕ ਸ਼ੇਖਰ, ਪ੍ਰਮੁੱਖ ਸਕੱਤਰ ਜਲ ਸਪਲਾਈ ਅਤੇ ਸਵੱਤਾ ਨੀਲਕੰਠ ਐੱਸ. ਅਵਹਾੜ, ਸਕੱਤਰ ਸਿਹਤ ਡਾ. ਅਭਿਨਵ, ਸਕੱਤਰ ਸਥਾਨਕ ਨਿਕਾਸ ਰਵੀ ਭਗਤ ਅਤੇ ਨਿਰਦੇਸ਼ਕ ਸਥਾਨਕ ਨਿਕਾਸ ਉਮਾ ਸ਼ੰਕਰ ਗੁਪਤਾ ਸ਼ਾਮਲ ਹੋਏ।

ਜਲੰਧਰ ਦੀ ਚੋਣ ਹਾਰਨ ਮਗਰੋਂ ਕਾਂਗਰਸੀ ਲੀਡਰਾਂ ਨੇ ਕੱਸੀ ਕਮਰ

ਚੰਡੀਗੜ੍ਹ 20 ਜੁਲਾਈ। ਜਲੰਧਰ ਜ਼ਿਮਨੀ ਚੋਣ ਹਾਰਨ ਤੋਂ ਬਾਅਦ ਕਾਂਗਰਸ 'ਚ ਨਵੀਂ ਊਰਜਾ ਭਰ ਗਈ ਹੈ। ਪੰਜਾਬ ਕਾਂਗਰਸ ਦੇ ਸਾਰੇ ਸੀਨੀਅਰ ਆਗੂਆਂ ਨੇ ਆਪੋ-ਆਪਣੇ ਹਲਕਿਆਂ ਵਿਚ ਕਾਂਗਰਸੀ ਵਰਕਰਾਂ ਨਾਲ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਵੇਂ ਕਾਂਗਰਸੀ ਆਗੂ ਇਨ੍ਹਾਂ ਮੀਟਿੰਗਾਂ ਨੂੰ ਜਲੰਧਰ ਜ਼ਿਮਨੀ ਚੋਣ ਤੋਂ ਬਾਅਦ ਮਹਿਜ਼ ਧੰਨਵਾਦੀ ਮੀਟਿੰਗ ਦੱਸ ਰਹੇ ਹਨ ਪਰ ਸੱਚਾਈ ਇਸ ਦੇ ਉਲਟ ਹੈ। ਦਰਅਸਲ ਕਾਂਗਰਸ ਨੇ ਆਉਣ ਵਾਲੇ ਸਮੇਂ ਵਿਚ ਹੋਣ ਵਾਲੀਆਂ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਬੇਸ਼ੱਕ ਇਨ੍ਹਾਂ ਚੋਣਾਂ ਵਿਚ ਜਿੱਤਣ ਜਾਂ ਹਾਰਨ ਨਾਲ ਕਿਸੇ ਵੀ ਪਾਰਟੀ ਨੂੰ ਕੋਈ ਫਾਇਦਾ ਨਹੀਂ ਹੈ ਪਰ ਜਿਹੜੀ ਪਾਰਟੀ ਇਨ੍ਹਾਂ ਚੋਣਾਂ ਵਿਚ ਜਿੱਤੇਗੀ, ਉਸ ਪਾਰਟੀ ਲਈ ਪੰਜਾਬ ਦੀਆਂ ਚਾਰ ਨਿਗਮ ਅਤੇ 41 ਨਗਰ ਕੌਂਸਲਾਂ ਦੀਆਂ ਚੋਣਾਂ ਵਿਚ ਜਿੱਤਣਾ ਆਸਾਨ ਹੋ ਜਾਵੇਗਾ। ਇਸ ਸਬੰਧੀ ਕੈਪਟਨ ਸੰਦੀਪ ਸੰਧੂ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਨਿਗਮ ਚੋਣਾਂ ਲਈ ਫਿਲਹਾਲ ਕੋਈ ਤਿਆਰੀ ਨਹੀਂ ਕਰ ਰਹੀ ਹੈ। ਪਰ ਕਾਂਗਰਸ ਪੂਰੀ ਤਿਆਰੀ ਨਾਲ ਉਪ

ਚੋਣਾਂ ਵਿਚ ਉਤਰੇਗੀ। ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਪੰਜਾਬ ਵਿਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਇਸ ਕਾਰਨ ਕਾਂਗਰਸ ਪਾਰਟੀ ਦਾ ਡਰ ਦੂਜੀਆਂ ਸਿਆਸੀ ਪਾਰਟੀਆਂ ਵਿਚ ਸਾਫ਼ ਦੇਖਿਆ ਜਾ ਸਕਦਾ ਹੈ। ਜਲੰਧਰ ਜ਼ਿਮਨੀ ਚੋਣ ਵਿਚ ਵੀ ਪੰਜਾਬ ਦੇ ਲੋਕਾਂ ਨੇ ਮੌਜੂਦਾ ਸਰਕਾਰ ਦੀ ਕਾਰਜਸ਼ੈਲੀ ਕਾਰਨ ਇਹ ਬੇਚੈਨੀ ਮਹਿਸੂਸ ਕੀਤੀ ਹੈ। ਦੂਜੇ ਪਾਸੇ ਗਿੱਦੜਵਾਹਾ ਵਿਖੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਆਪਣੇ ਸਮੂਹ ਵਰਕਰਾਂ ਨਾਲ ਅਹਿਮ ਮੀਟਿੰਗ ਕੀਤੀ। ਸਾਰਿਆਂ ਦਾ ਜਲੰਧਰ ਜ਼ਿਮਨੀ ਚੋਣ ਵਿਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਆਉਣ ਵਾਲੀ ਗਿੱਦੜਵਾਹਾ ਜ਼ਿਮਨੀ ਚੋਣ ਲਈ ਹੁਣ ਤੋਂ ਹੀ ਇਕਜੁੱਟ ਹੋਣ ਦਾ ਸੰਦੇਸ਼ ਵੀ ਦਿੱਤਾ। ਇਸੇ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਸੀਨੀਅਰ ਕਾਂਗਰਸੀ ਆਗੂ ਵਿਜੇਇੰਦਰ ਸਿੰਗਲਾ ਨੇ ਆਪਣੇ ਵਰਕਰਾਂ ਨਾਲ ਅਹਿਮ ਮੀਟਿੰਗ ਕਰਕੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਮਹੱਤਵਪੂਰਨ ਗੱਲਾਂ ਵਰਕਰਾਂ ਨਾਲ ਸਾਂਝੀਆਂ ਕੀਤੀਆਂ।

ਸਕੂਲ ਦੀ ਅਧਿਆਪਕਾ ਨਾਲ ਪ੍ਰੇਮ ਸੰਬੰਧਾਂ ਦੇ ਚੱਲਦੇ ਨੌਜਵਾਨ ਨੇ ਨਹਿਰ ਦੇ ਠਾਠਾਂ ਮਾਰਦੇ ਪਾਣੀ 'ਚ ਮਾਰੀ ਛਾਲ

ਖੰਨਾ 20 ਜੁਲਾਈ। ਖੰਨਾ ਦੇ ਪਿੰਡ ਜਟਾਣਾ ਦੇ ਇਕ ਨੌਜਵਾਨ ਨੇ ਨਹਿਰ ਵਿਚ ਛਾਲ ਮਾਰ ਦਿੱਤੀ। ਮਾਮਲਾ ਸਕੂਲ ਦੀ ਹੀ ਇਕ ਅਧਿਆਪਕਾ ਨਾਲ ਪ੍ਰੇਮ ਸਬੰਧਾਂ ਦਾ ਦੱਸਿਆ ਜਾ ਰਿਹਾ ਹੈ। ਨਹਿਰ 'ਚ ਰੁੜ੍ਹੇ ਨੌਜਵਾਨ ਦੇ ਪਰਿਵਾਰ ਵਾਲਿਆਂ ਦਾ ਦੋਸ਼ ਹੈ ਕਿ ਅਧਿਆਪਕਾ ਦਾ ਪਤੀ ਅਤੇ ਦਿਓਰ ਉਨ੍ਹਾਂ ਦੇ ਬੇਟੇ ਨੂੰ ਧਮਕੀਆਂ ਦੇ ਰਹੇ ਸਨ। ਜਿਸ ਕਾਰਨ ਡਰ ਦੇ ਮਾਰੇ ਕਰਨਪ੍ਰੀਤ ਸਿੰਘ (19) ਨੇ ਨਹਿਰ ਵਿਚ ਛਾਲ ਮਾਰ ਦਿੱਤੀ। ਜਿਸ ਦਾ ਹੁਣ ਤਕ ਕੋਈ ਸੁਰਾਗ ਨਹੀਂ ਮਿਲਿਆ ਹੈ। ਪੁਲਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਰਣਧੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਕਰਨਪ੍ਰੀਤ ਸਿੰਘ ਪਿੰਡ ਦੇ ਸਰਕਾਰੀ ਸਕੂਲ ਵਿਚ ਪੜ੍ਹਦਾ ਸੀ। ਹਾਲ ਹੀ ਵਿਚ 12ਵੀਂ ਪਾਸ ਕੀਤੀ ਹੈ। ਇਸ ਘਟਨਾ ਤੋਂ ਬਾਅਦ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਕਰਨਪ੍ਰੀਤ ਸਿੰਘ ਦੇ ਸਕੂਲ ਦੀ ਇਕ ਅਧਿਆਪਕਾ ਨਾਲ ਪ੍ਰੇਮ ਸਬੰਧ ਸਨ। ਜਿਸ ਨੂੰ ਲੈ ਕੇ ਅਧਿਆਪਕਾ ਦੇ ਪਰਿਵਾਰ ਨੂੰ ਪਤਾ ਲੱਗ ਗਿਆ ਤਾਂ ਅਧਿਆਪਕਾ ਦਾ ਪਤੀ ਅਤੇ ਦਿਓਰ ਉਸਦੇ ਲੜਕੇ ਕਰਨਪ੍ਰੀਤ ਸਿੰਘ ਨੂੰ ਕਈ ਦਿਨਾਂ ਤੋਂ ਫੋਨ 'ਤੇ ਧਮਕੀਆਂ ਦੇ ਰਹੇ ਸਨ। ਜਿਸਦੀ ਰਿਕਾਰਡਿੰਗ ਪੁਲਸ ਨੂੰ ਦੇ ਦਿੱਤੀ ਗਈ ਹੈ। ਕਰਨਪ੍ਰੀਤ ਸਿੰਘ ਆਪਣੇ ਰਿਸਤੇਦਾਰ ਨਾਲ ਮੋਟਰਸਾਈਕਲ 'ਤੇ ਪਿੰਡ ਕੋਟ ਗੰਗੁਰਾਏ ਤੋਂ ਪਿੰਡ ਜਟਾਣਾ ਆ ਰਿਹਾ ਸੀ।

ਪ੍ਰਸਿੱਧ ਰਾਗੀ ਭਾਈ ਅਮਰਦੀਪ ਸਿੰਘ ਦਾ ਅਮਰੀਕਾ 'ਚ ਦੇਹਾਂਤ, ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ

ਕਿਸ਼ਨ ਪਾਲ

ਹੁਸ਼ਿਆਰਪੁਰ 20 ਜੁਲਾਈ। ਦਸੂਹਾ ਦੇ ਪਿੰਡ ਬੋਦਲ ਦੇ 45 ਸਾਲਾ ਨੌਜਵਾਨ ਅਤੇ ਭਾਰਤੀ ਕਲਾਸਿਕਲ ਸੰਗੀਤ ਦੇ ਪ੍ਰਸਿੱਧ ਗਾਇਕ ਅਤੇ ਰਾਗੀ ਭਾਈ ਅਮਰਦੀਪ ਸਿੰਘ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਇਸ ਦੁਖਦ ਖਬਰ ਨਾਲ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਹੈ। ਦੱਸ ਦੇਈਏ ਕਿ ਭਾਈ ਅਮਰਦੀਪ ਸਿੰਘ ਨੇ ਭਾਰਤੀ ਕਲਾਸਿਕਲ ਸੰਗੀਤ 'ਚ ਪੰਜਾਬ ਅਤੇ ਦੇਸ਼ ਦਾ ਨਾਂ ਪੂਰੀ ਦੁਨੀਆ 'ਚ ਚਮਕਾਇਆ ਹੈ। ਵਧੇਰੇ ਜਾਣਕਾਰੀ ਦਿੰਦੇ ਹੋਏ ਅਮਰਦੀਪ ਦੇ ਵੱਡੇ ਭਰਾ ਅਕਾਸਦੀਪ ਸਿੰਘ ਨੇ ਦੱਸਿਆ ਕਿ ਮੇਰਾ ਭਰਾ ਅਮਰਦੀਪ ਸਿੰਘ 2018 'ਚ ਅਮਰੀਕਾ ਗਿਆ ਸੀ ਅਤੇ ਆਪਣੀ ਪਤਨੀ ਅਤੇ ਇਕ ਪੁੱਤਰ ਨਾਲ ਐਰੀਜੋਨਾ ਸਹਿਰ 'ਚ ਰਹਿ ਰਿਹਾ ਸੀ। ਅਮਰਦੀਪ ਨੇ ਭਾਰਤੀ ਕਲਾਸਿਕਲ ਸੰਗੀਤ 'ਚ ਐੱਮ.ਏ. ਕੀਤੀ ਸੀ ਅਤੇ ਭਾਰਤ ਦੇ ਨਾਲ-ਨਾਲ ਦੁਨੀਆ ਦੇ ਕਈ ਵੱਡੇ ਸ਼ਹਿਰਾਂ 'ਚ ਉਹ ਸੰਗੀਤ ਦੇ ਪ੍ਰੋਗਰਾਮ ਕਰ ਚੁੱਕ ਹੈ। ਦੇਸ਼ ਦੀਆਂ ਕਈ ਵੱਡੀਆਂ ਹਸਤੀਆਂ ਨੇ ਅਮਰਦੀਪ ਨੂੰ ਸਨਮਾਨਿਤ ਕੀਤਾ ਹੈ। ਸਾਡਾ ਪਰਿਵਾਰ ਬਾਰਾ ਮਰਦਾਨਾ ਜੀ ਦੀ ਗੋਤ ਨਾਲ ਸੰਬੰਧਿਤ ਹੈ ਅਤੇ ਗਾਇਕੀ 'ਚ ਸਾਡਾ ਬੋਦਲ ਘਰਾਣੇ ਨਾਲ ਸੰਬੰਧ ਹੈ। ਅਮਰਦੀਪ ਦੇ ਭਰਾ ਨੇ ਦੱਸਿਆ ਕਿ

ਜਦੋਂ ਸਾਨੂੰ ਸਾਡੇ ਰਿਸ਼ਤੇਦਾਰ ਨੇ ਅਮਰ